DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE
24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 19 Ending Date: May 09, 2025

LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com

# ਕੈਨੇਡਾ ਚੋਣ ਨਤੀਜੇ:ਲਿਬਰਲਾਂ ਦੀ ਜਿੱਤ ਅਤੇ ਕੰਜ਼ਰਵੇਟਿਵ ਦੀ ਹਾਰ ਦੇ ਕਾਰਨ

ਸਰੀ (ਹਰਪ੍ਰੀਤ ਸਿੰਘ):ਚੋਣ ਪ੍ਰਕਿਰਿਆ ਵਿਚ ਜਿੱਤ ਅਤੇ ਹਾਰ ਇੱਕ ਆਮ ਗੱਲ ਹੈ। ਮੈਂ ਇਸ ਫੈਡਰਲ ਚੋਣ ਵਿਚ ਜਿੱਤਣ ਵਾਲੇ ਸਾਰੇ ਉਮੀਦਵਾਰਾਂ ਨੂੰ ਵਧਾਈ ਦਿੰਦਾ ਹਾਂ। ਪਰ ਇਹ ਦੇਖ ਕੇ ਹੈਰਾਨੀ ਹੋਈ ਕਿ ਕਿਵੇਂ ਪੀਅਰ ਪੋਲੀਵਰ ਦੀ ਅਗਵਾਈ ਹੇਠ ਕੰਸਰਵੇਟਿਵ ਪਾਰਟੀ ਇਹ ਚੋਣ ਹਾਰ ਗਈ। ਕੁਝ ਮਹੀਨੇ ਪਹਿਲਾਂ ਤੱਕ ਉਹਨਾਂ ਦੀ ਦੋ ਅੰਕਾਂ ਦੀ ਲੀਡ ਸੀ, ਪਰ ਉਹ ਇਸ ਨੂੰ ਕਾਇਮ ਨਹੀਂ ਰੱਖ ਸਕੇ। ਇਹ ਹਾਰ ਸਿਰਫ਼ ਉਨ੍ਹਾਂ ਦੀਆਂ ਗਲਤੀਆਂ ਕਰਕੇ ਨਹੀਂ ਹੋਈ, ਸਗੋਂ ਲਿਬਰਲ ਪਾਰਟੀ ਦੀ ਸਿਆਣਪ ਅਤੇ ਰਣਨੀਤਕ ਯੋਜਨਾ ਵੀ ਇਸ ਜਿੱਤ ਦਾ ਕਾਰਨ ਬਣੀ।ਕੰਸਰਵੇਟਿਵ ਪਾਰਟੀ ਦੀ ਹਾਰ ਦੇ ਮੁੱਖ ਕਾਰਨ:

1. ਅਹੰਕਾਰ ਅਤੇ ਅਤਿ ਆਤਮਵਿਸ਼ਵਾਸ: ਪੀਅਰ ਪੋਲੀਵਰ ਅਤੇ ਉਨ੍ਹਾਂ ਦੀ ਟੀਮ ਨੇ ਇਹ ਧਾਰਨਾ ਬਣਾਈ ਹੋਈ ਸੀ ਕਿ ਉਹ ਪਹਿਲਾਂ ਹੀ ਸਰਕਾਰ ਬਣਾ ਲੈਣਗੇ। ਇਹ ਅਹੰਕਾਰਕ ਰਵੱਈਆ ਵੋਟਰਾਂ ਨੂੰ ਪਸੰਦ ਨਾ ਆਇਆ।

2. ਅਸਲੀ ਵਰਕਰਾਂ ਦੀ ਨਜ਼ਰਅੰਦਾਜ਼ੀ: ਪਾਰਟੀ ਨੇ ਆਪਣੇ ਪੁਰਾਣੇ, ਸੱਚੇ ਸਮਰਥਕਾਂ ਨੂੰ ਪਿੱਛੇ ਧੱਕ ਕੇ, ਉਹਨਾਂ ਨੂੰ ਤਰਜੀਹ ਦਿੱਤੀ ਜੋ ਚੰਗੀਆਂ ਪੋਲਿੰਗ ਦੇਖ ਕੇ ਪਾਰਟੀ ਵਿੱਚ ਆਏ ਸਨ।

3. ਪਾਰਟੀ ਦੀ ਸਥਾਨਕ ਮਾਮਲਿਆਂ ਵਿੱਚ ਦਖਲਅੰਦਾਜ਼ੀ- ਕੁਝ ਅਲਬਰਟਾ ਦੇ ਐਮ.ਪੀ. ਅਤੇ ਸੀਨੀਅਰ ਆਗੂ ਹੋਰ ਰਾਈਡਿੰਗਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਰਹੇ ਸਨ, ਜਿਸ ਕਾਰਨ ਹੇਠਲੇ ਪੱਧਰ ’ਤੇ ਬੇਚੈਨੀ ਵਧੀ।

4. ਗਲਤ ਉਮੀਦਵਾਰ ਚੁਣੇ ਗਏ: ਕਈ ਥਾਵਾਂ ’ਤੇ ਉਮੀਦਵਾਰ ਅਜਿਹੇ ਸਨ ਜਿਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਜਾਂ ਪੱਧਰ ਦਾ ਕੋਈ ਗਿਆਨ ਨਹੀਂ ਸੀ।




5. ਜਮੀਨੀ ਹਕੀਕਤ ਤੋਂ ਦੂਰ ਰਹਿਣਾ: ਪਾਰਟੀ ਨੇ ਆਮ ਲੋਕਾਂ ਦੀਆਂ ਅਸਲ ਚਿੰਤਾਵਾਂ ਨੂੰ ਨਾ ਸਮਝਿਆ, ਨਾ ਹੀ ਉਨ੍ਹਾਂ ਦੇ ਹਾਲਾਤਾਂ ਨੂੰ ਤਰਜੀਹ ਦਿੱਤੀ।

6. ਟਰੰਪ ਵਾਲੀ ਭਾਸ਼ਾ ਤੇ ਰਵੱਈਆ: ਪੋਲੀਵਰ ਵੱਲੋਂ ਅਮਰੀਕੀ ਸਟਾਈਲ ਦੀ ਭਾਸ਼ਾ ਵਰਤਣ ਨਾਲ ਕਈ ਮਧਯਮ ਅਤੇ ਨਿਰਣਾਇਕ ਵੋਟਰ ਡਰ ਗਏ ਕਿ ਕਨੇਡਾ ’ਚ ਵੀ ਟਰੰਪ ਵਰਗੀ ਰਾਜਨੀਤੀ ਆ ਰਹੀ ਹੈ।

7. ਨਕਾਰਾਤਮਕ ਮੁਹਿੰਮ: ਕੰਸਰਵੇਟਿਵ ਪਾਰਟੀ ਨੇ ਸਿਰਫ਼ ਲਿਬਰਲਾਂ ਉੱਤੇ ਹਮਲੇ ਕੀਤੇ ਪਰ ਆਪਣੀ ਕੋਈ ਢੁੱਕਵੀਂ ਨੀਤੀ ਜਾਂ ਹੱਲ ਨਹੀਂ ਦਿੱਤਾ।

8. ਅੰਦਰੂਨੀ ਵਿਦਰੋਹ: ਕਈ ਸਾਇਡਲਾਈਨ ਹੋਏ ਉਮੀਦਵਾਰ ਅਤੇ ਉਨ੍ਹਾਂ ਦੇ ਸਮਰਥਕ ਚੁੱਪ-ਚਾਪ ਆਪਣੀ ਹੀ ਪਾਰਟੀ ਦੇ ਖਿਲਾਫ ਕੰਮ ਕਰਦੇ ਰਹੇ।

9. ਪੀਅਰ ਪੋਲੀਵਰ ਦੀ ਛਬੀ ਵਿਰੋਧੀ ਬਣੀ: ਕਈ ਉਮੀਦਵਾਰਾਂ ਨੂੰ ਲੱਗਾ ਕਿ ਉਹ ਟਰੰਪ-ਸਟਾਈਲ ਲੀਡਰਸ਼ਿਪ ਲੈ ਕੇ ਆਉਣਗੇ ਜੋ ਕਨੇਡਾ ਲਈ ਖ਼ਤਰਨਾਕ ਹੋ ਸਕਦੀ ਹੈ।

ਲਿਬਰਲ ਪਾਰਟੀ ਦੀ ਜਿੱਤ ਦੇ ਕਾਰਨ:

1. ਚੰਗੀ ਤਰੀਕੇ ਨਾਲ ਚਲਾਈ ਮੁਹਿੰਮ: ਲਿਬਰਲਾਂ ਨੇ ਉਦੇਸ਼ਪੂਰਕ ਅਤੇ ਤਰਤੀਬਬੱਧ ਮੁਹਿੰਮ ਚਲਾਈ। ਉਹਨਾਂ ਨੇ ਨਿਸ਼ਾਨਾ ਬਣਾ ਕੇ ਰਾਈਡਿੰਗਾਂ ਤੇ ਫੋਕਸ ਕੀਤਾ ਜਿੱਥੇ ਜਿੱਤਣਾ ਸੰਭਵ ਸੀ।

2. ਸਥਿਰਤਾ ਅਤੇ ਅਸਥਿਰਤਾ ਵਾਲਾ ਚੋਣ ਮਸਲਾ: ਉਨ੍ਹਾਂ ਨੇ ਚੋਣ ਨੂੰ ਇੱਕ ਸਧਾਰਣ ਨੱਕਸ਼ੇ ਦੀ ਤਰ੍ਹਾਂ ਪੇਸ਼ ਕੀਤਾ—ਸਥਿਰ ਲੀਡਰਸ਼ਿਪ ਜਾਂ ਅਣਜਾਣ ਖਤਰਾ।

3. ਕੇਂਦਰੀ ਵੋਟਰਾਂ ਨੂੰ ਲੁਭਾਉਣਾ: ਲਿਬਰਲ ਪਾਰਟੀ ਨੇ ਆਪਣੇ ਆਪ ਨੂੰ ਮੱਧਵਰਗੀਆਂ ਤੇ ਨਰਮ ਸੋਚ ਵਾਲੇ ਵੋਟਰਾਂ ਲਈ ਵਧੀਆ ਵਿਕਲਪ ਵਜੋਂ ਪੇਸ਼ ਕੀਤਾ।

4. ਜ਼ਮੀਨੀ ਕੰਮ ਤੇ ਧਿਆਨ: ਓਹਨਾਂ ਦੀ ਮਿਹਨਤ ਵੱਖ-ਵੱਖ ਕਮਿਊਨਿਟੀਆਂ ਵਿੱਚ ਦਰਸਾਈ ਦਿੱਤੀ, ਵਿਸ਼ੇਸ਼ ਕਰਕੇ ਨੌਜਵਾਨਾਂ ਅਤੇ ਇਮੀਗ੍ਰੈਂਟ ਵੋਟਰਾਂ ਵਿਚ।

5. ਸਮਾਜਿਕ ਨੀਤੀਆਂ ਅਤੇ ਪਰਿਵਾਰਕ ਮੁੱਦੇ: ਲਿਬਰਲਾਂ ਦੀ ਪੋਲਿਸੀ—ਹੈਲਥਕੇਅਰ, ਕਲਾਈਮੇਟ ਚੇਂਜ ਅਤੇ ਮਹਿੰਗਾਈ ਨਾਲ ਨਜਿੱਠਣ ਦੀ—ਜ਼ਿਆਦਾਤਰ ਵੋਟਰਾਂ ਨੂੰ ਪ੍ਰਭਾਵਤ ਕਰਨ ਵਾਲੀ ਸੀ।

6. ਵੋਟਾਂ ਦਾ ਵੰਡ ਹੋਣਾ: ਕਈ ਰਾਈਡਿੰਗਾਂ ’ਚ NDP ਜਾਂ Bloc ਨਾਲ ਵੋਟ ਵੰਡ ਹੋਣ ਕਾਰਨ ਲਿਬਰਲਾਂ ਨੂੰ ਥੋੜ੍ਹੀ ਲੀਡ ਨਾਲ (ਬਾਕੀ ਸਫਾ ਬੀ04 ਤੇ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
ਮਨੀ-ਬੈਕ ਟਰਮ ਇੰਸ਼ੋਰੈਂਸ
ਕ੍ਰਿਟੀਕਲ ਇਲਨੈੱਸ ਇੰਸ਼ੋਰੈਂਸ
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਲਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu:604-504-3400
Aman:604-800-3003
Email:sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

J&J FRESH LOOK HOMES LTD..
Pacific HOME WARRANTY
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਸੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305

FARM AND SPICE

# FARM AND SPICE

# Weekly Special

## May 02 – 08

Senior Citizen Discount
5% Off
Every Thursday
Except on Dairy Products



ਛੋਟੇ ਤਰਬੂਜ
**Mini Watermelon** **$2.99**
each



ਲੰਬੇ ਖੀਰੇ
**Long Cucumber** **$0.99**
each



ਧਨੀਆ
**Cilantro** **$0.99**
2 for



ਨਿੰਬੂ
**Lemon** **$0.99**
2 for



ਲੈਟਸ
**Head Lettuce** **$1.49**
each



ਅਦਰਕ
**Ginger** **$1.49**
per lb



ਰੁਸੈਟ ਆਲੂ
**Russet Potatoes** **$4.99**
10 lbs each



ਸ਼ਕਰਕੰਦੀ
**Sweet Potatoes** **$1.49**
per lb



ਕੰਟੀਨ ਬਾਸਮਤੀ
**Canteen Indian Basmati** **$10.99**
10 lbs



ਮੈਮਪਸਟਰ ਗੋਲਗਪਾ
**Mampster Golgappa** **$8.99**
290 gms




ਚਾਹ ਇੰਡੀਆ
**Tea India** **$8.99**
216 Tea bags




ਸਵੇਰਾ ਪਨੀਰ
**Savera Paneer** **$4.99**
341 gms each



ਕੈਨਟੀਨ ਪੇਸੀ ਗੁੜ
**Canteen Pesi Gur** **$4.49**
1Kg



ਇਨਗਰਾਨੋ ਪਰਾਂਠਾ / ਕੁਲਚਾ
**Ingrano Frozen Lacha Parantha, Paneer & Onion Kulcha** **$2.49**
400gms each



ਰੂਹਅਫਜ਼ਾ ਪਾਕਿਸਤਾਨੀ
**Roohafza Pakistani** **$3.99**
850 gms




ਵੇਰਕਾ ਦੇਸੀ ਘਿਓ
**Verka Desi Ghee** **$23.99**
3.5 lbs

*while supply last

Open 7 Days a Week
8:30 am to 9:00 pm

**farmandspice.com**

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਕਸ਼ਮੀਰ ਹਮਲਾ:ਚੀਨ ਵੱਲੋਂ ਤੁਰੰਤ ਤੇ ਨਿਰਪੱਖ ਜਾਂਚ 'ਤੇ ਜ਼ੋਰ ਅਸੀਂ ਪਾਕਿਸਤਾਨ ਦਾ ਸਮਰਥਨ ਕਰਦੇ ਰਹਾਂਗੇ:ਚੀਨ ਵੱਲੋਂ ਐਲਾਨ



ਬੀਜਿੰਗ:ਚੀਨ ਨੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਆਪਣਾ ਸਮਰਥਨ ਪ੍ਰਗਟਾਉਂਦਿਆਂ ਪਹਿਲਗਾਮ ਦਹਿਸ਼ਤੀ ਹਮਲੇ ਦੀ 'ਤੁਰੰਤ ਅਤੇ ਨਿਰਪੱਖ ਜਾਂਚ' ਦੀ ਮੰਗ ਕੀਤੀ ਹੈ। ਚੀਨ ਦੀ ਸਰਕਾਰੀ ਨਿਊਜ਼ ਏਜੰਸੀ 'ਸਿਨਹੂਆ' ਅਨੁਸਾਰ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਐਤਵਾਰ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਡਾਰ ਨੇ ਵਾਂਗ (ਜੋ ਚੀਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਰਾਜਨੀਤਕ ਬਿਊਰੋ ਦੇ ਮੈਂਬਰ ਵੀ ਹਨ) ਨੂੰ 'ਕਸ਼ਮੀਰ ਖੇਤਰ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ' ਪਾਕਿਸਤਾਨ ਅਤੇ ਭਾਰਤ ਵਿਚਕਾਰ ਵਧੇ ਹੋਏ ਤਣਾਅ ਬਾਰੇ ਜਾਣਕਾਰੀ ਦਿੱਤੀ। ਵਾਂਗ ਨੇ ਕਿਹਾ ਕਿ ਚੀਨ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਅੱਤਵਾਦ ਦਾ ਮੁਕਾਬਲਾ ਕਰਨਾ ਪੂਰੀ ਦੁਨੀਆ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾ ਨੇ ਅੱਤਵਾਦ ਵਿਰੁੱਧ ਪਾਕਿਸਤਾਨ ਦੇ ਯਤਨਾਂ ਪ੍ਰਤੀ ਚੀਨ ਦੇ ਨਿਰੰਤਰ ਸਮਰਥਨ ਦੀ ਪੁਸ਼ਟੀ ਕੀਤੀ। ਰਿਪੋਰਟ ਵਿੱਚ ਵਾਂਗ ਦੇ ਹਵਾਲੇ ਨਾਲ ਕਿਹਾ ਗਿਆ ਹੈ, 'ਇੱਕ ਮਜ਼ਬੂਤ ਦੋਸਤ ਅਤੇ ਹਰ ਹਾਲਾਤ ਵਿੱਚ ਰਣਨੀਤਕ ਭਾਈਵਾਲ ਹੋਣ ਦੇ ਨਾਤੇ ਚੀਨ ਪਾਕਿਸਤਾਨ ਦੇ ਜਾਇਜ਼ ਸੁਰੱਖਿਆ ਫਿਕਰਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ ਅਤੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਹਿੱਤਾਂ ਦੀ ਰਾਖੀ ਹਿੱਤ ਉਸ ਦਾ ਸਮਰਥਨ ਕਰਦਾ ਹੈ।' ਵਾਂਗ ਨੇ ਕਿਹਾ, 'ਚੀਨ ਤੁਰੰਤ ਅਤੇ ਨਿਰਪੱਖ ਜਾਂਚ ਦੀ ਵਕਾਲਤ ਕਰਦਾ ਹੈ ਅਤੇ ਮੰਨਦਾ ਹੈ ਕਿ ਇਹ ਟਕਰਾਅ ਭਾਰਤ ਜਾਂ ਪਾਕਿਸਤਾਨ ਦੇ ਬੁਨਿਆਦੀ ਹਿੱਤਾਂ ਦੀ ਪੂਰਤੀ ਨਹੀਂ ਕਰਦਾ ਅਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ ਅਨੁਕੂਲ ਨਹੀਂ।' ਉਨ੍ਹਾ ਕਿਹਾ, 'ਚੀਨ ਨੂੰ ਉਮੀਦ ਹੈ ਕਿ ਦੋਵੇਂ ਧਿਰਾਂ ਸੰਜਮ ਵਰਤਣਗੀਆਂ ਅਤੇ ਤਣਾਅ ਨੂੰ ਘੱਟ ਕਰਨ ਲਈ ਮਿਲ ਕੇ ਕੰਮ ਕਰਨਗੀਆਂ।'

# ਯੂਕੇ ਵਿੱਚ ਸਿੱਖ ਕੁੜੀਆਂ, ਬੱਚਿਆਂ ਨੂੰ ਸੀਰੀਆ ਅਤੇ ਫਲਸਤੀਨ ਵਾਸਤੇ ਲੜਨ ਲਈ ਕੀਤਾ ਜਾ ਰਿਹਾ ਤਿਆਰ:ਦੀਪਾ ਸਿੰਘ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਕੁੜੀਆਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾ ਕੇ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਕੱਟੜਪੰਥੀਕਰਨ ਦੇ ਰਿਪੋਰਟ ਕੀਤੇ ਮਾਮਲਿਆਂ ਵਿੱਚ ਵਾਧੇ ਤੋਂ ਬਾਅਦ ਸਿੱਖ ਯੂਥ ਯੂਕੇ ਵਲੋਂ ਇੱਕ ਸਖ਼ਤ ਚੇਤਾਵਨੀ ਜਾਰੀ ਕੀਤੀ ਗਈ ਹੈ। ਪਿਛਲੇ ਦੋ ਹਫ਼ਤਿਆਂ ਵਿੱਚ ਹੀ, ਸੰਗਠਨ ਨੇ 10 ਦੁਖਦਾਈ ਮਾਮਲਿਆਂ ਨਾਲ ਨਜਿੱਠਿਆ ਹੈ ਜੋ ਧਾਰਮਿਕ ਤੌਰ 'ਤੇ ਪ੍ਰੇਰਿਤ ਹਮਲਿਆਂ ਅਤੇ ਜਿਨਸੀ ਸ਼ੋਸ਼ਣ ਦੇ ਇੱਕ ਬਹੁਤ ਵੱਡੇ ਅਤੇ ਡੂੰਘੇ ਚਿੰਤਾਜਨਕ ਪੈਟਰਨ ਦਾ ਹਿੱਸਾ ਹਨ। ਸਿੱਖ ਯੂਥ ਯੂਕੇ, ਜਿਸਨੇ ਲਗਭਗ ਪੰਦਰਾਂ ਸਾਲਾਂ ਤੋਂ ਇਨ੍ਹਾਂ ਮੁੱਦਿਆਂ 'ਤੇ ਕੰਮ ਕੀਤਾ ਹੈ, ਦਾ ਕਹਿਣਾ ਹੈ ਕਿ ਇਹ ਸੰਕਟ ਟੁੱਟਣ ਦੇ ਬਿੰਦੂ 'ਤੇ ਪਹੁੰਚ ਰਿਹਾ ਹੈ। ਸਮੂਹ ਦੇ ਬਹੁਤ ਸਾਰੇ ਵਲੰਟੀਅਰ ਦੋ ਤੋਂ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਕੱਟੜਪਨ, ਜ਼ਬਰਦਸਤੀ ਧਰਮ ਪਰਿਵਰਤਨ ਨਾਲ ਨਜਿੱਠਣ ਅਤੇ ਸਿੱਖ ਬੱਚਿਆਂ ਦੀ ਸੁਰੱਖਿਆ ਵਿੱਚ ਸ਼ਾਮਲ ਹਨ। ਉਨ੍ਹਾਂ ਦਾ ਨਿਰੰਤਰ ਫਰੰਟਲਾਈਨ ਕੰਮ ਯੂਕੇ ਭਰ ਵਿੱਚ ਸਿੱਖ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੀ ਇੱਕ ਵਧ ਰਹੀ ਮਹਾਂਮਾਰੀ ਦਾ ਖੁਲਾਸਾ ਕਰਦਾ ਹੈ।

# ਮਾਸਕੋ ਨੇੜੇ ਕਾਰ ਬੰਬ ਧਮਾਕੇ 'ਚ ਚੋਟੀ ਦਾ ਰੂਸੀ ਜਰਨੈਲ ਹਲਾਕ

ਮਾਸਕੋ- ਸ਼ੁੱਕਰਵਾਰ ਨੂੰ ਮਾਸਕੋ ਨੇੜੇ ਇੱਕ ਕਾਰ ਬੰਬ ਧਮਾਕੇ ਵਿੱਚ ਇੱਕ ਚੋਟੀ ਦੇ ਰੂਸੀ ਜਨਰਲ ਦੀ ਮੌਤ ਹੋ ਗਈ। ਇੱਕ ਮੀਡੀਆ ਰਿਪੋਰਟ ਦੇ ਅਨੁਸਾਰ ਰੂਸੀ ਵਿਦੇਸ਼ ਮੰਤਰਾਲੇ ਨੇ ਇਸ ਨੂੰ ਇੱਕ ਅੱਤਵਾਦੀ ਕਾਰਾ ਕਰਾਰ ਦਿੱਤਾ ਹੈ। ਵੇਸਤੀ ਐਫਐਮ ਰੇਡੀਓ ਨੇ ਜਾਂਚ ਕਮੇਟੀ ਦੇ ਹਵਾਲੇ ਨਾਲ ਕਿਹਾ ਕਿ ਰੱਖਿਆ ਮੰਤਰਾਲੇ ਦੇ ਜਨਰਲ ਸਟਾਫ ਦੇ ਮੁੱਖ ਸੰਚਾਲਨ ਡਾਇਰੈਕਟੋਰੇਟ ਦੇ ਡਿਪਟੀ ਡਾਇਰੈਕਟਰ, ਲੈਫਟੀਨੈਂਟ ਜਨਰਲ ਯਾਰੋਸਲਾਵ ਮੋਸਕਾਲਿਕ ਦੀ ਮੌਤ ਇੱਕ ਇੰਪ੍ਰੋਵਾਈਜ਼ਡ ਵਿਸਫੋਟਕ ਯੰਤਰ ਦੇ ਫਟਣ ਨਾਲ ਹੋਈ ਹੈ।

# ਪਾਕਿਸਤਾਨ ਨਾ ਜੰਗ ਚਾਹੁੰਦਾ ਹੈ ਅਤੇ ਨਾ ਹੀ ਪ੍ਰਮਾਣੂ ਹਥਿਆਰਾਂ ਦੀ ਵਰਤੋਂ:ਰੱਖਿਆ ਮੰਤਰੀ

## ਪਹਿਲਗਾਮ ਹਮਲੇ ਦੀ ਜਾਂਚ ਵਿੱਚ ਰੂਸ ਤੇ ਚੀਨ ਨੂੰ ਵੀ ਸ਼ਾਮਿਲ ਕੀਤਾ ਜਾਵੇ



ਇਸਲਾਮਾਬਾਦ:ਆਵਾਜ਼ ਬਿਊਰੋ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਮੁਹੰਮਦ ਆਸਿਫ ਨੇ ਕਿਹਾ ਕਿ ਪਾਕਿਸਤਾਨ ਨਾ ਤਾਂ ਭਾਰਤ ਨਾਲ ਜੰਗ ਚਾਹੁੰਦਾ ਹੈ ਅਤੇ ਨਾ ਹੀ ਉਹ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਵਿਚਾਰ ਕਰ ਰਿਹਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਾਕਿਸਤਾਨ ਕੋਲ ਜੋ ਪ੍ਰਮਾਣੂ ਸਮਰੱਥਾ ਹੈ, ਉਹ ਮਹੱਤਵਪੂਰਨ ਤੌਰ 'ਤੇ ਪਾਕਿਸਤਾਨ ਦੇ ਵਜੂਦ ਦੀ ਗਾਰੰਟੀ ਹੈ।

ਖਵਾਜਾ ਆਸਿਫ ਨੇ ਕਿਹਾ ਕਿ ਅਸੀਂ ਇਸ ਲਈ ਪ੍ਰਮਾਣੂ ਸ਼ਕਤੀ ਨਹੀਂ ਹਾਂ ਕਿ ਅਸੀਂ ਜੰਗ ਚਾਹੁੰਦੇ ਹਾਂ। ਅਸੀਂ ਪ੍ਰਮਾਣੂ ਬੰਬ ਇਸ ਲਈ ਬਣਾਏ ਤਾਂ ਜੋ ਅਸੀਂ ਆਪਣੀ ਸੰਪ੍ਰਭੁਤਾ ਨੂੰ ਬਰਕਰਾਰ ਰੱਖ ਸਕੀਏ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਭਾਰਤ ਨਾਲ ਜੰਗ ਕਰਨ ਦਾ ਕੋਈ ਇਰਾਦਾ ਨਹੀਂ ਹੈ, ਪਰ ਜੇਕਰ ਭਾਰਤ ਨੇ ਸਾਡੇ 'ਤੇ ਹਮਲਾ ਕੀਤਾ ਤਾਂ ਅਸੀਂ ਵੀ ਪਿੱਛੇ ਨਹੀਂ ਹਟਾਂਗੇ, ਪਾਕਿਸਤਾਨ ਮੂੰਹਤੋੜ ਜਵਾਬ ਦੇਵੇਗਾ। ਉਹਨਾਂ ਕਿਹਾ ਕਿ ਪਹਿਲਗਾਮ ਹਮਲੇ ਦੀ ਜਾਂਚ ਦੌਰਾਨ ਚੀਨ ਅਤੇ ਰੂਸ ਨੂੰ ਵੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਰੂਸੀ ਮੀਡੀਆ ਨਾਲ ਗੱਲਬਾਤ ਕਰਦਿਆਂ ਖਵਾਜਾ ਹਾਫਿਸ ਨੇ ਕਿਹਾ ਕਿ ਕੌਮਾਂਤਰੀ ਧਿਰਾਂ ਦੀ ਮੌਜੂਦਗੀ ਵਿੱਚ ਹੀ ਨਿਰਪੱਖ ਜਾਂਚ ਹੋ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਖੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਵਿੱਚ ਖੂਨ-ਖਰਾਬੇ ਦਾ ਸਮਰਥਨ ਕਰ ਰਿਹਾ ਹੈ।










# ਪੁਲਿਸ ਬਾਰਾਤੀਆਂ ਨੂੰ ਬੰਗਲਾਦੇਸ਼ੀ ਸਮਝ ਕੇ ਗ੍ਰਿਫ਼ਤਾਰ ਕਰ ਕੇ ਲੈ ਗਈ

26 ਅਪ੍ਰੈਲ ਨੂੰ ਫਰਜ਼ਾਨਾ ਅਹਿਮਦਾਬਾਦ ਵਿੱਚ ਕ੍ਰਾਈਮ ਬਰਾਂਚ ਦਫ਼ਤਰ ਬਾਹਰ ਆਪਣੇ ਮਹਿੰਦੀ ਵਾਲੇ ਹੱਥ ਦਿਖਾਉਂਦੀ ਹੈ ਅਤੇ ਇੱਕ ਪਲਾਸਟਿਕ ਦੇ ਬੈਗ 'ਚੋਂ ਵਿਆਹ ਵਾਲਾ ਕਾਰਡ ਕੱਢਦੀ ਹੈ, ਜਿਸ 'ਤੇ 'ਜਸ਼ਨੇ ਸ਼ਾਦੀ' ਲਿਖਿਆ ਹੋਇਆ ਹੈ।

ਫਰਜ਼ਾਨਾ ਕਿਹਾ ਕਿ "ਸਾਡੇ ਘਰ ਵਿੱਚ ਵਿਆਹ ਹੈ, ਘਰ ਵਿੱਚ ਬਾਰਾਤ ਆਈ ਹੋਈ ਹੈ। ਘਰ ਬਹੁਤ ਛੋਟਾ



ਹੈ, ਇਸ ਲਈ ਅਸੀਂ ਬਾਰਾਤੀਆਂ ਨੂੰ ਚੰਦੋਲਾ ਇਲਾਕੇ ਵਿੱਚ ਇੱਕ ਰਿਸ਼ਤੇਦਾਰ ਦੇ ਘਰ ਭੇਜਿਆ ਸੀ।''

''ਉਨ੍ਹਾਂ ਨੂੰ ਪੁਲਿਸ 'ਬੰਗਲਾਦੇਸ਼ੀ' ਕਹਿਕੇ ਲੈ ਗਈ। ਪੁਲਿਸ ਜਿਨ੍ਹਾਂ ਲੋਕਾਂ ਨੂੰ ਲੈ ਕੇ ਗਈ ਹੈ, ਉਨ੍ਹਾਂ ਵਿੱਚ ਮੇਰੇ ਵੱਡੇ ਭਰਾ ਅਤੇ ਭਤੀਜੇ ਵੀ ਸ਼ਾਮਲ ਸਨ। ਜੇ ਉਹੀ ਨਹੀਂ ਹੋਣਗੇ ਤਾਂ ਵਿਆਹ ਕਿਵੇਂ ਹੋਵੇਗਾ? ਉਹ ਮਹਾਰਾਸ਼ਟਰ ਦੇ ਅਕੋਲਾ ਤੋਂ ਆਏ ਸਨ।

ਮੈਨੂੰ ਦੱਸਿਆ ਗਿਆ ਕਿ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ ਅਤੇ ਛੱਡ ਦਿੱਤਾ ਜਾਵੇਗਾ।"

"ਇਹ ਸਵੇਰ ਦੀ ਗੱਲ ਸੀ ਅਤੇ ਅਸੀਂ ਰਾਤ ਨੌ ਵਜੇ ਤੱਕ ਬਿਨ੍ਹਾਂ ਕੁਝ ਖਾਧੇ-ਪੀਤੇ ਕ੍ਰਾਈਮ ਬਰਾਂਚ ਦਫ਼ਤਰ ਦੇ ਬਾਹਰ ਬੈਠੇ ਰਹੇ।

ਜਦੋਂ ਅਸੀਂ ਆਪਣੇ ਭਰਾ ਦੇ ਜਨਮ ਸਰਟੀਫਿਕੇਟ ਅਤੇ ਹੋਰ ਸਰਕਾਰੀ ਦਸਤਾਵੇਜ਼ ਦਿਖਾਏ ਤਾਂ ਰਾਤ ਨੂੰ 10.30 ਵਜੇ ਉਨ੍ਹਾਂ ਨੂੰ ਛੱਡਿਆ ਗਿਆ।"ਵਰਨਣਯੋਗ ਹੈ ਕਿ ਬਹੁਤ ਸਾਰੇ ਨੁਸਲਮਾਨਾ ਨੂੰ ਬੰਗਲਾ ਦੇਸ਼ੀ ਕਹਿ ਕੇ ਗ੍ਰਿਫਤਾਰ ਕੀਤਾ ਗਿਆ ਹੈ। ਇਹ ਗਿਣਤੀ ਹਜ਼ਾਰਾਂ ਵਿੱਚ ਹੈ। ਫਰਜ਼ਾਨਾ ਉਸ ਸਮੇਂ ਦੀ ਗੱਲ ਕਰ ਰਹੇ ਹਨ, ਜਦੋਂ 26 ਅਪ੍ਰੈਲ ਨੂੰ ਅਹਿਮਦਾਬਾਦ ਵਿੱਚ ਗੁਜਰਾਤ ਪੁਲਿਸ ਨੇ 'ਸ਼ੱਕੀ ਲੋਕਾਂ' ਨੂੰ ਗ੍ਰਿਫ਼ਤਾਰ ਕਰਨ ਦੇ ਲਈ ਮੁਹਿੰਮ ਸ਼ੁਰੂ ਕੀਤੀ ਸੀ।

ਫਰਜ਼ਾਨਾ ਕਹਿੰਦੇ ਹਨ, "ਜੇ ਕਸ਼ਮੀਰ ਵਿੱਚ ਕੋਈ ਵਿਵਾਦ ਹੈ ਤਾਂ ਕਸ਼ਮੀਰ ਜਾ ਕੇ ਸੁਲਝਾਓ। ਇੱਥੇ ਅਹਿਮਦਾਬਾਦ ਵਿੱਚ ਕੋਈ ਵਿਵਾਦ ਨਹੀਂ ਹੈ ਫਿਰ ਤੁਸੀਂ ਸਾਡੇ ਰਿਸ਼ਤੇਦਾਰਾਂ ਨੂੰ ਕਿਉਂ ਲੈ ਗਏ? ਇਹ ਕਾਨੂੰਨੀ ਬੇਇਨਸਾਫ਼ੀ ਹੈ। ਅਸੀਂ ਅਹਿਮਦਾਬਾਦ ਵਿੱਚ ਜੀਤੂ ਭਗਤ ਦੀ ਚੌਲ ਵਿੱਚ ਸਾਲਾਂ ਤੋਂ ਰਹਿ ਰਹੇ ਹਾਂ।

## (ਮੁੱਖ ਪੰਨੇ ਦੀ ਬਾਕੀ)

ਜਿੱਤ ਮਿਲ ਗਈ।

7. ਮਾਰਕ ਕਾਰਨੀ ਦੀ ਛਾਪ: ਮਾਰਕ ਕਾਰਨੀ ਦੀ ਅੰਤਰਰਾਸ਼ਟਰੀ ਪਛਾਣ ਅਤੇ ਆਰਥਿਕ ਤਜਰਬਾ ਕਈ ਵੋਟਰਾਂ ਲਈ ਭਰੋਸੇਯੋਗ ਚਿਹਰਾ ਸਾਬਤ ਹੋਇਆ।

8. ਟਰੂਡੋ ਦਾ ਨਰਮ ਪਰਛਾਵਾਂ ਅਜੇ ਵੀ ਕਾਇਮ: ਹਾਲਾਂਕਿ ਟਰੂਡੋ ਤੇ ਕਈ ਵਾਰ ਆਲੋਚਨਾ ਵੀ ਹੋਈ, ਪਰ ਉਹ ਅਜੇ ਵੀ ਨੌਜਵਾਨਾਂ, ਇਮੀਗ੍ਰੈਂਟਸ ਅਤੇ ਪ੍ਰੋਗ੍ਰੈਸਿਵ ਵੋਟਰਾਂ ਵਿਚ ਲੋਕਪ੍ਰਿਯ ਹਨ।

ਸਿੱਟਾ ਕੀ ਨਿਕਲਦਾ ਹੈ?:

-ਇਹ ਚੋਣ ਸਿਰਫ਼ ਇੱਕ ਜਿੱਤ ਜਾਂ ਹਾਰ ਨਹੀਂ ਸੀ—ਇਹ ਇੱਕ ਸੰਦੇਸ਼ ਸੀ ਕਿ ਕੈਨੇਡੀਅਨ ਲੋਕਾਂ ਨੂੰ ਸਿਰਫ਼ ਦਾਅਵੇ ਜਾਂ ਵਾਅਦੇ ਨਹੀਂ ਚਾਹੀਦੇ, ਉਨ੍ਹਾਂ ਨੂੰ ਦਿਸ਼ਾ, ਦ੍ਰਿਸ਼ਟੀਕੋਣ ਅਤੇ ਇਮਾਨਦਾਰੀ ਚਾਹੀਦੀ ਹੈ।

ਜੇਕਰ ਕੰਸਰਵੇਟਿਵ ਪਾਰਟੀ ਮੁੜ ਖੜਾ ਹੋਣਾ ਚਾਹੁੰਦੀ ਹੈ, ਤਾਂ ਉਹਨੂੰ ਜਮੀਨ ਤੋਂ ਨਵਾਂ ਨਿਰਮਾਣ ਕਰਨਾ ਪਵੇਗਾ, ਪੁਰਾਣੇ ਸਮਰਥਕਾਂ ਨੂੰ ਮੁੜ ਜੋੜਨਾ ਪਵੇਗਾ ਅਤੇ ਇੱਕ ਸਥਿਰ ਤੇ ਸਭ ਨੂੰ ਜੋੜਣ ਵਾਲੀ ਰਣਨੀਤੀ ਲੈ ਕੇ ਆਉਣੀ ਪਵੇਗੀ।

Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SAVVY Immigration Services Inc.
ICCRC CRCIC
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases

Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ
- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa
OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਹੈਪੀ ਪਾਸੀਆ ਬਾਰੇ ਸਿੱਖਾਂ ਨੂੰ ਸ਼ੱਕ ਕਿਉਂ?

ਫਰਿਜ਼ਨੋ:- ਕੀ ਇਹ ਹੇਪੀ ਪਾਸੀਆਂ ਵਰਗੇ ਲੋਕ ਪਹਿਲਾਂ ਹੀ ਏਜੰਸੀਆਂ ਵੱਲੋਂ ਫਿਟ ਕੀਤੇ ਹੁੰਦੇ ਹਨ? ਫਹਿਲ, ਲੁੱਟਾਂ ਖੋਹਾਂ ,ਸਮਗਲਿੰਗ ਅਤੇ ਫੇਰ ਇਕਦਮ ਸਿੱਖੀ ਸਰੂਪ ਤੇ ਖਾਲਿਸਤਾਨੀ ਬਣਾ ਦਿੱਤਾ ਜਾਂਦਾ ਹੈ।ਕੀ ਇਹ ਸਿੱਖਾਂ ਨੂੰ ਇਕ ਤਰਾਂ ਨਾਲ ਜ਼ਰਾਇਮ ਪੇਸ਼ਾ ਕੌਮ ਤਾਂ ਅਮਰੀਕਾ ਬੈਠਾ ਹੈਪੀ ਪਾਸੀਆ ਐਕਟਿਵ ਹੋ ਗਿਆ ਅਤੇ 14 ਗਰਨੇਡ ਹਮਲੇ ਕਰ ਦਿੱਤੇ? 10ਵੀਂ ਤੱਕ ਪੜ੍ਹਿਆ ਹੈਪੀ ਪਾਸੀਆ ਅਮਰੀਕਾ ਵਿੱਚ ਕੋਈ ਕੰਮ ਨਹੀਂ ਕਰਦਾ ਸੀ - ਫਿਰ ਅਚਾਨਕ ਇਹ ਐਡਾ ਨੈਟਵਰਕ ਕਿਵੇਂ ਚਲਾਉਣ ਲੱਗ ਪਿਆ? ਮਤਲਬ ਕੋਈ

WANTED ACCUSED IN NIA CASE NO. 15/2024/NIA/DLI



Cash Reward: Rupees 5,00,000/- (Five Lakhs)

ਸਾਬਤ ਕਰਨ ਦੀ ਸਾਜਿਸ਼ ਤਾਂ ਨਹੀਂ? ਅਮਰੀਕਾ ਵਿੱਚ ਐਫਬੀਆਈ ਅਤੇ ਇਮੀਗ੍ਰੇਸ਼ਨ ਡਿਪਾਰਟਮੈਂਟ ਵੱਲੋਂ ਫੜਿਆ ਗਿਆ ਗੈਂਗਸਟਰ ਹੈਪੀ ਪਾਸੀਆ, ਜੋ 2021 ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੁੰਦਾ ਹੈ ਅਤੇ 23 ਨਵੰਬਰ 2024 ਤੱਕ ਤਿੰਨ ਸਾਲ ਬਿਲਕੁਲ ਸ਼ਾਂਤ ਰਹਿੰਦਾ ਹੈ ਅਤੇ ਕੋਈ ਕਾਰਵਾਈ ਨਹੀਂ ਕਰਦਾ। ਫਿਰ ਅਚਾਨਕ 23 ਨਵੰਬਰ 2024 ਤੋਂ 15 ਜਨਵਰੀ 2025 ਤੱਕ ਹੈਪੀ ਪਾਸੀਆ 14 ਗਰਨੇਡ ਹਮਲੇ ਪੰਜਾਬ ਵਿੱਚ ਕਰਦਾ ਹੈ - ਜਿਨਾਂ ਵਿੱਚੋਂ ਸਿਰਫ ਸੱਤ ਗ੍ਰਨੇਡ ਫਟਦੇ ਹਨ ਅਤੇ ਬਾਕੀ ਗ੍ਰਨੇਡਾਂ ਨੂੰ ਪੰਜਾਬ ਪੁਲਿਸ ਫਟਣ ਤੋਂ ਪਹਿਲਾਂ ਹੀ ਡਿਫਿਊਜ ਕਰ ਦਿੰਦੀ ਹੈ। ਇਹਨਾਂ ਗਰਨੇਡ ਹਮਲਿਆਂ ਵਿੱਚ ਨਾ ਤਾਂ ਕੋਈ ਜ਼ਖਮੀ ਹੁੰਦਾ ਹੈ ਨਾ ਹੀ ਕਿਸੇ ਦੀ ਮੌਤ ਹੁੰਦੀ ਹੈ - ਜੋ ਚੰਗੀ ਗੱਲ ਹੈ! ਸਵਾਲ ਇਹ ਪੈਦਾ ਹੁੰਦਾ ਕਿ ਹੈਪੀ ਪਾਸੀਆ ਤਿੰਨ ਸਾਲ ਸ਼ਾਂਤ ਰਿਹਾ, ਪਰ ਅਚਾਨਕ ਜਦੋਂ ਸਿੱਖਾਂ ਦੇ ਹੱਕ ਵਿੱਚ ਵਿਦੇਸ਼ਾਂ ਵਿੱਚ ਲਹਿਰ ਖੜ੍ਹੀ ਹੁੰਦੀ ਹੈ ਅਤੇ ਸਿੱਖਾਂ ਦਾ ਹੋਏ ਕਤਲੇਆਮ ਬਾਰੇ ਵਿਦੇਸ਼ੀ ਰਾਜਨੀਤਕ ਹਮਦਰਦੀ ਦਿਖਾ ਰਹੇ ਹਨ।ਸ਼ਚਾਈ ਸਾਹਮਣੇਂ ਆਉਂਣ ਤੇ ਭਾਰਤ ਦੀ ਬਦਨਾਮੀ ਦੁਨੀਆਂ ਵਿੱਚ ਹੋਣ ਲੱਗੀ



ਅਮਰੀਕਾ ਵਿੱਚ ਬੈਠਾ ਸਿੱਖ ਹੈਪੀ ਪਾਸੀਏ ਦੀ ਮੱਦਦ ਕਰ ਰਿਹਾ ਹੋਵੇਗਾ? ਜੇ ਕੋਈ ਸਿੱਖ ਮੱਦਦ ਕਰ ਰਿਹਾ ਸੀ ਤਾਂ ਐਫਬੀਆਈ ਕੱਝ ਦਿਨਾਂ ਤੱਕ ਉਸਨੂੰ ਸਾਹਮਣੇ ਲੈ ਆਵੇਗੀ, ਪਰ ਜੇ ਕੋਈ ਮੱਦਦ ਕਰਨ ਵਾਲਾ ਸਾਹਮਣੇ ਨਹੀਂ ਆਉਂਦਾ ਤਾਂ ਸਮਝਣਾ ਔਖਾ ਨਹੀਂ ਕਿ ਇਹ ਪਲੈਨ ਕਿਹਨਾਂ ਦਾ ਹੈ? ਖਾਲਿਸਤਾਨੀ ਸਮਰਥਕਾਂ ਅਨੁਸਾਰ ਗ੍ਰਿਫਤਾਰ ਹੋਣ ਤੋਂ ਪਹਿਲਾਂ ਹੈਪੀ ਪਾਸੀਏ ਨੇ ਦਾੜੀ ਕੇਸ ਵੀ ਰੱਖ ਲਏ ਤੇ ਪੱਗ ਵੀ ਬੰਨਣ ਲੱਗ ਪਿਆ। ਫੇਸਬੁਕ ਤੇ ਇੱਕ ਪੋਸਟ ਪਾਉਣ ਕਰਕੇ ਜਿਹੜੇ ਲੋਕ ਇਹਨਾਂ ਗੈਂਗਸਟਰਾਂ ਨੂੰ ਪੰਥਕ ਸਮਝ ਲੈਂਦੇ ਹਨ, ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਫਿਰੌਤੀਆਂ ਮੰਗ ਕੇ ਖਾਣ ਵਾਲੇ ਇਹ ਕਾਇਰ ਗੈਂਗਸਟਰ ਆਪਣੀ ਜਾਨ ਬਚਾਉਣ ਲਈ ਕੋਈ ਵੀ ਸਮਝੌਤਾ ਕਰ ਸਕਦੇ ਹਨ। ਜਿਵੇਂ ਕਿਸੇ ਵੇਲੇ ਸੰਤ ਭਿੰਡਰਾਂਵਾਲੇ ਸੰਤਾਂ ਦੀਆਂ ਫੋਟੋਆਂ ਵਾਲੀਆਂ ਟੀ-ਸ਼ਰਟਾਂ ਪਾਉਣ ਵਾਲੇ ਲੋਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਅੱਜ ਰਾਸ਼ਟਰਵਾਦੀ ਬਣੇ ਹੋਏ ਹਨ! ਅੱਜ ਦੇ ਸਮੇਂ ਵਿੱਚ ਸਾਧਾਰਨ ਸਿੱਖ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਬਾਹਰਲੇ ਮੁਲਕਾਂ ਵਿੱਚ ਬੈਠ ਕੇ ਭਾਰਤ ਵਿੱਚ ਵਾਇਲੈਂਸ ਕਰਨੀ ਸਿੱਖਾਂ ਦੇ ਖਿਲਾਫ ਅਤੇ ਭਾਰਤੀ ਫਿਰਕੂ ਸਿਆਸਤਦਾਨਾਂ ਦੇ ਹੱਕ ਵਿੱਚ ਭੁਗਤੇਗੀ।-ਪੰਜਾਬ ਟਾਈਮਜ਼ ਯੂ.ਕੇ


OASIS WINDOWS LTD

* Quality Products * Superior Service.

35+ Years in Business



Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • SLIDER DOORS
• GARDEN WINDOWS & SKYLIGHTS

LIFE TIME Limited Warranty

FREE ESTIMATES    Financing Available (OAC)

Phone: (604) 597 - 5033
19025 52 Ave, Surrey, BC
www.oasiswindows.com


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*1 ਮਈ ਦਿਨ ਵੀਰਵਾਰ ਕਾਕਾ ਬਲਤੇਜ ਸਿੰਘ ਪੰਧੇਰ (ਪੋਤਰਾ ਜਥੇਦਾਰ ਮਹਿੰਦਰ ਸਿੰਘ ਜੀ ਮਹਿਸਮਪੁਰ) ਦੀ ਅੰਤਿਮ ਅਰਦਾਸ ਹੋਵੇਗੀ।

*2 ਮਈ ਦਿਨ ਸ਼ੁੱਕਰਵਾਰ ਮਨਪ੍ਰੀਤ ਕੌਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*3 ਮਈ ਦਿਨ ਸ਼ਨਿੱਚਰਵਾਰ ਬੱਚੀ ਸਿਮਰਨਜੀਤ ਕੌਰ ਅਤੇ ਕਾਕਾ ਦਿਲਪ੍ਰੀਤ ਸਿੰਘ ਦੇ ਅਨੰਦ ਕਾਰਜ ਹੋਣਗੇ।

*4 ਮਈ ਦਿਨ ਐਤਵਾਰ ਸੁਰਜੀਤ ਸਿੰਘ ਗੋਸਲ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪੈਣਗੇ।

*4 ਮਈ ਦਿਨ ਐਤਵਾਰ ਮਨਪ੍ਰੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*4 ਮਈ ਦਿਨ ਐਤਵਾਰ ਸ. ਚੂਹੜ ਸਿੰਘ ਸੰਧੂ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*4 ਮਈ ਦਿਨ ਐਤਵਾਰ ਸ. ਜਗਦੀਪ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਦੀ ਸੇਵਾ ਹੋਵੇਗੀ।








**ਰਾਗੀ ਜੱਥਾ**
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

**ਕਥਾਵਾਚਕ**
ਗਿਆਨੀ ਮਨਜੀਤ ਸਿੰਘ
ਮਸਤਾਨਾ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

**ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ**

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171**

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121    ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਵਾਹ! ਜਥੇਦਾਰ ਜੀ ਵਾਹ!!!

# ਜਹਾਜ਼ ਵਿਚ ਸੀਟ ਸਾਫ਼ ਨਾ ਮਿਲਣ ਕਾਰਨ ਤਾਂ ਧਰਨਾ ਦਿੱਤਾ ਪਰ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਧਰਨਾ ਨਹੀਂ

ਅੰਮ੍ਰਿਤਸਰ (ਮੋਹਕਮ ਸਿੰਘ):ਸ੍ਰੀ ਦਰਬਾਰ ਸਾਹਿਬ ਦੇ ਹੋਰ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅੱਜ ਨਵੀਂ ਦਿੱਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਸਿਰਫ ਇਸ ਕਰਕੇ ਰੋਸ ਵਜੋਂ ਧਰਨਾ ਦਿੱਤਾ ਕਿਉਂਕਿ ਉਨਾਂ ਨੂੰ ਜਹਾਜ ਵਿਚ ਦਿੱਤੀ ਬਿਜਨਸ ਕਲਾਸ ਦੀ ਸੀਟ ਦਾ ਬੁਰਾ ਹਾਲ ਸੀ। ਗਿਆਨੀ ਰਘਬੀਰ ਸਿੰਘ ਨੇ ਖੁਦ ਆਪਣੀ ਫੇਸਬੁਕ ਤੇ ਸਾਰੀ ਘਟਨਾ ਦਾ ਜਿਕਰ ਕੀਤਾ ਹੈ।

ਇਸ ਘਟਨਾ ਬਾਰੇ ਪੜ੍ਹ ਕੇ ਪੰਥ ਦਰਦੀਆਂ ਵਿਚ ਚਰਚਾ ਚਲ ਪਈ ਹੈ ਕਿ ਜੇਕਰ ਗਿਆਨੀ ਰਘਬੀਰ ਸਿੰਘ ਨੇ ਧਰਨਾ ਦੇਣਾ ਹੀ ਸੀ ਤਾਂ ਉਹ ਬੰਦੀ ਸਿੰਘਾਂ ਦੀ ਰਿਹਾਈ ਲਈ, ਪੰਥ ਤੇ ਪੰਜਾਬ ਲਈ ਜਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਵਾ ਕੇ ਸਜਾਵਾਂ ਦਿਵਾਉਣ ਲਈ ਧਰਨਾਂ ਦਿੰਦੇ, ਅਜਿਹੇ ਸਮੇਂ ਪੂਰਾ ਪੰਥ ਉਨਾ ਨਾਲ ਖੜਾ ਹੁੰਦਾ ਆਪਣੀ ਸ਼ੋਸ਼ਲ ਮੀਡੀਆ ਫੇਸਬੁੱਕ ਤੇ ਗਿਆਨੀ ਰਘਬੀਰ ਸਿੰਘ ਨੇ ਲਿਖਿਆ ਕਿ ਦਾਸ ਅਤੇ ਮੇਰੇ ਨਾਲ ਦੋ ਹੋਰ ਜਣਿਆਂ ਨੇ ਸੈਕਰਾਮੈਂਟੋ ਯੂਐੱਸਏ ਵਿਖੇ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਅੱਜ ਨਵੀਂ ਦਿੱਲੀ ਤੋਂ ਸੈਨ ਫ੍ਰਾਂਸਿਸਕੋ ਯੂਐੱਸਏ ਲਈ ਏਅਰ ਇੰਡੀਆ ਦੀ ਫਲਾਈਟ ਨੰਬਰ ਏਆਈ 183 ਰਾਹੀਂ ਬਿਜ਼ਨਸ ਕਲਾਸ ਅਤੇ ਇਕਾਨਮੀ ਟਿਕਟ ਉੱਤੇ ਸਫ਼ਰ ਕਰਨਾ ਸੀ। ਜਹਾਜ਼ ਬੋਰਡ ਕੀਤਾ ਲੇਕਿਨ ਬਿਜ਼ਨਸ ਕਲਾਸ ਸੀਟਾਂ ਦਾ ਬਹੁਤ ਹੀ ਬੁਰਾ ਹਾਲ ਤੇ ਸਾਫ਼ ਸਫਾਈ ਦੇ ਪੱਖੋਂ ਨਿਮਨ ਪੱਧਰ ਹੋਣ ਕਰਕੇ, ਮੇਰੇ ਵੱਲੋਂ ਅਤੇ ਕੁਝ ਯਾਤਰੀਆਂ ਵੱਲੋਂ ਇਸ ਉੱਤੇ ਇਤਰਾਜ਼ ਕੀਤਾ ਗਿਆ। ਮੌਕੇ ਉੱਤੇ ਸ਼ਿਕਾਇਤ ਕੀਤੇ ਜਾਣ ਉੱਤੇ ਏਅਰ ਇੰਡੀਆ ਦੇ ਸਟਾਫ ਮੈਂਬਰਾਂ ਨੇ ਵੀ ਦੁਰਵਿਵਹਾਰ ਕੀਤਾ ਹਾਲਾਂਕਿ ਜਹਾਜ਼ ਦਾ ਕਪਤਾਨ ਠੀਕ ਗੱਲ ਕਰ ਰਿਹਾ ਸੀ।ਇਸ ਮਗਰੋਂ ਦਾਸ ਅਤੇ ਕੁਝ ਹੋਰ ਯਾਤਰੀ ਰੋਸ ਵਜੋਂ ਜਹਾਜ਼ ਤੋਂ ਬਾਹਰ ਆ ਕੇ ਟਰਮੀਨਲ ਇਮੀਗ੍ਰੇਸ਼ਨ ਚੈੱਕ ਪੁਆਇੰਟ ਦੇ ਸਾਹਮਣੇ ਬੈਠ ਗਏ । ਏਅਰ ਇੰਡੀਆ ਵੱਲੋਂ ਬਿਜ਼ਨਸ ਕਲਾਸ ਦੇ ਨਾਮ ਹੇਠ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਉਨ੍ਹਾਂ ਦੇ ਸਟਾਫ ਵੱਲੋਂ ਦੁਰਵਿਵਹਾਰ ਦੀ ਮੈਂ ਕਰੜੀ ਨਿੰਦਾ ਕਰਦਾ ਹਾਂ ਅਤੇ ਇਸ ਮਸਲੇ ਦਾ ਤੁਰੰਤ ਹੱਲ ਕਰਕੇ ਚੰਗੇ ਪ੍ਰਬੰਧ ਕੀਤੇ ਜਾਣ। ਇਸ ਤੋਂ ਇਲਾਵਾ ਪਿਛਲੇ ਤਿੰਨ ਘੰਟਿਆਂ ਤੋਂ ਸਾਨੂੰ ਏਅਰਪੋਰਟ ਉੱਤੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਜੋ ਵੀ ਬਹੁਤ ਨਿੰਦਣਯੋਗ ਹੈ। ਏਅਰ ਇੰਡੀਆ ਅਧਿਕਾਰੀ ਸਾਡੇ ਪਾਸਪੋਰਟ ਲੈ ਕੇ ਗਏ ਹਨ ਪਰੰਤੂ ਮੁੜ ਕੇ ਸਾਡੇ ਨਾਲ ਕੋਈ ਸੰਪਰਕ ਨਹੀਂ ਕੀਤਾ, ਨਾ ਸਾਡਾ ਸਮਾਨ ਵਾਪਸ ਮਿਲਿਆ ਅਤੇ ਨਾ ਹੀ ਏਅਰ ਇੰਡੀਆ ਦੇ ਕਿਸੇ ਅਧਿਕਾਰੀ ਵੱਲੋਂ ਸਾਡੇ ਨਾਲ ਕੋਈ ਸੰਪਰਕ ਗਿਆ।



ਇੰਮੀਗ੍ਰੇਸ਼ਨ ਕਾਊਂਟਰ ਦੇ ਸਾਹਮਣੇ ਪਿਛਲੇ ਤਿੰਨ ਘੰਟਿਆਂ ਤੋਂ ਭੁੱਖੇ ਤੇ ਪਿਆਸੇ ਬੈਠੇ ਹਾਂ, ਅਤਿ ਨਿੰਦਣਯੋਗ ਵਰਤਾਰਾ ਹੈ ਪੰਥ ਦਰਦੀਆਂ ਵਿਚ ਚਰਚਾ ਹੈ ਕਿ ਗਿਆਨੀ ਰਘਬੀਰ ਸਿੰਘ ਮਾਹਿਜ ਤਿੰਨ ਘੰਟੇ ਵਿਚ ਹੀ ਥਕ ਗਏ ਜਦਕਿ ਬੰਦੀ ਸਿੰਘ 33 ਸਾਲ ਤੋ ਸਜਾਵਾਂ ਭੁਗਤ ਰਹੇ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਪਹਿਲਗਾਮ ਹਮਲੇ ਬਾਰੇ ਕੁਝ ਸਵਾਲ ਜੋ ਜਵਾਬ ਮੰਗਦੇ ਨੇ

***ਰਣਜੀਤ ਸਿੰਘ ਦਮਦਮੀ ਟਕਸਾਲ**



ਕਸ਼ਮੀਰ ਦੇ ਪਹਿਲਗਾਮ ਵਿੱਚ 26 ਬੇਗੁਨਾਹਾਂ ਦੇ ਕਤਲਾਂ ਨੂੰ ਹਰ ਇਨਸਾਨੀਅਤ-ਪਸੰਦ ਵਿਅਕਤੀ ਨਿੰਦ ਰਿਹਾ ਹੈ, ਕਿਉਂਕਿ ਬੇਦੋਸ਼ਿਆਂ ਦੇ ਕਤਲ ' ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਇੱਥੋਂ ਤਕ ਕਿ ਕਸ਼ਮੀਰੀ ਲੋਕਾਂ ਵੱਲੋਂ ਵੀ ਇਸ ਹਮਲੇ ਦਾ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਭਾਰਤੀ ਸਰਕਾਰ ਅਤੇ ਭਾਰਤੀ ਮੀਡੀਆ ਨਫ਼ਰਤ ਫੈਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਇਹ ਸਵਾਲ ਬੇਹੱਦ ਚਰਚਾ 'ਚ ਹੈ ਕਿ ਕਸ਼ਮੀਰ ਦੇ ਚੱਪੇ-ਚੱਪੇ 'ਤੇ ਭਾਰਤੀ ਫ਼ੌਜ ਤਾਇਨਾਤ ਹੈ, ਫਿਰ ਐਨੀ ਫ਼ੌਜ ਹੋਣ ਦੇ ਬਾਵਜੂਦ ਓਥੇ ਹਮਲਾ ਕਿਵੇਂ ਹੋ ਗਿਆ ? ਇਹ ਹਮਲਾ ਕਰਵਾਇਆ ਗਿਆ ਜਾਂ ਹੋਣ ਦਿੱਤਾ ਗਿਆ ? ਇਸ ਨੂੰ ਰੋਕਣ ਦੇ ਯਤਨ ਕਿਉਂ ਨਾ ਹੋਏ ? ਕਿੱਥੇ ਗਿਆ ਖੁਫ਼ੀਆ ਤੰਤਰ ? ਐਨੀਆਂ ਏਜੰਸੀਆਂ ਕੀ ਸੁੱਤੀਆਂ ਪਈਆਂ ਸਨ ? ਓਥੇ ਐਨੀ ਫ਼ੌਜ ਹੋਣ ਦੇ ਬਾਵਜੂਦ ਹਮਲੇ ਵਾਲੀ ਜਗ੍ਹਾ ਕੋਲ ਕੋਈ ਸੁਰੱਖਿਆ ਪ੍ਰਬੰਧ ਕਿਉਂ ਨਹੀਂ ਸਨ ? ਹਮਲੇ ਵਿੱਚ ਮਾਰੇ ਗਏ ਯਾਤਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਮਾਰਿਆ ਗਿਆ ਕਸ਼ਮੀਰੀ ਮੁਸਲਮਾਨ ਬਾਰੇ ਰਾਸ਼ਟਰੀ ਮੀਡੀਆ ਕਿਉਂ ਨਹੀਂ ਦੱਸ ਰਿਹਾ ? 22 ਅਪ੍ਰੈਲ 2024 ਨੂੰ ਪਹਿਲਗਾਮ ਹਮਲੇ ਵਿੱਚ ਦਹਿਸ਼ਤਗਰਦਾਂ ਦੇ ਹੱਥੋਂ ਮਾਰੇ ਗਏ ਹਿੰਦੂ ਬਿਲਕੁਲ ਬੇਦੋਸ਼ੇ ਹਨ, ਪਰ 20 ਮਾਰਚ 2000 ਨੂੰ ਚਿੱਠੀ ਸਿੰਘਪੁਰਾ ਵਿੱਚ ਮਾਰੇ ਗਏ ਸਿੱਖ ਕਿਹੜਾ ਖ਼ੂਨੀ ਦਰਿੰਦੇ ਸਨ ? ਜਿਹੜੇ ਲੋਕ ਪਹਿਲਗਾਮ ਹਮਲੇ ਤੋਂ ਬਾਅਦ ਵਿਰਲਾਪ ਕਰ ਰਹੇ ਨੇ, ਇਹ ਚਿੱਠੀ ਸਿੰਘਪੁਰਾ ਕਤਲੇਆਮ ਮੌਕੇ ਖਾਮੋਸ਼ ਰਹੇ ਤੇ ਹੁਣ ਤਕ ਕਦੇ ਨਹੀਂ ਕਿਹਾ ਕਿ ਦੋਸ਼ੀਆਂ ਨੂੰ ਦਿੱਲੀ ਦੇ ਇੰਡੀਆ ਗੇਟ ਕੋਲ ਸ਼ਰੇਆਮ ਫਾਹੇ ਟੰਗਿਆ ਜਾਵੇ। ਕੀ ਚਿੱਠੀ ਸਿੰਘਪੁਰਾ ਵਿੱਚ ਮਰਨ ਵਾਲਿਆਂ ਦੀ ਜਾਨ ਪਹਿਲਗਾਮ ਵਿੱਚ ਮਰਨ ਵਾਲਿਆਂ ਨਾਲੋਂ ਘੱਟ ਕੀਮਤੀ ਸੀ ? ਪਹਿਲਗਾਮ ਕਤਲੇਆਮ ਵੀ ਓਹੋ ਜਿਹੇ ਮਹੌਲ ਵਿੱਚ ਹੋਇਆ ਜਿਹੋ-ਜਿਹੇ ਮਹੌਲ ਵਿੱਚ ਚਿੱਠੀ ਸਿੰਘਪੁਰਾ ਕਤਲੇਆਮ ਹੋਇਆ ਸੀ। ਓਦੋਂ ਵੀ ਅਮਰੀਕਾ ਦੇ ਰਾਸ਼ਟਰਪਤੀ ਬਿੱਲ ਕਲਿੰਟਨ ਆਏ ਸਨ ਤੇ ਹੁਣ ਵੀ ਅਮਰੀਕਾ ਤੇ ਉਪ-ਰਾਸ਼ਟਰਪਤੀ ਜੇ.ਡੀ. ਪ੍ਰੈੱਸ ਆਏ ਹੋਏ ਹਨ। ਓਦੋਂ ਵੀ ਭਾਰਤ ਨੇ ਅਮਰੀਕਾ ਨੂੰ ਵਿਖਾਇਆ ਕਿ ਅਸੀਂ ਅੱਤਵਾਦ ਤੋਂ ਪੀੜਤ ਹਾਂ, ਹੁਣ ਵੀ ਇਹੀ ਹਾਲ ਹੈ। ਉਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਵੱਲੋਂ ਖ਼ੁਲਾਸਾ ਹੋਇਆ ਸੀ ਕਿ 'ਜੇ ਮੈਂ ਭਾਰਤ ਨਾ ਜਾਂਦਾ ਤਾਂ ਸ਼ਾਇਦ ਉਹ 36 ਸਿੱਖ ਨਾ ਮਰਦੇ ਜਿਹੜੇ ਚਿੱਠੀ ਸਿੰਘਪੁਰਾ ਵਿੱਚ ਮਾਰੇ ਗਏ।" ਹੋ ਸਕਦਾ ਭਵਿੱਖ ਵਿੱਚ ਹੁਣ ਵਾਲੇ ਅਮਰੀਕਾ ਦੇ ਉਪ-ਰਾਸ਼ਟਰਪਤੀ ਵੀ ਅਜਿਹਾ ਕੁਝ ਕਹਿਣ ! ਪਰ ਨਾ ਉਹ ਕਦੇ ਵਾਪਸ ਮੁੜੇ ਨੇ ਜਿਹੜੇ ਚਿੱਠੀ ਸਿੰਘਪੁਰਾ ਮਾਰੇ ਗਏ ਤੇ ਨਾ ਹੁਣ ਪਹਿਲਗਾਮ ਵਿੱਚ ਮਾਰੇ ਗਏ ਮੁੜਣੇ ਨੇ। ਭਗਵਾਂ ਬ੍ਰਿਗੇਡ, ਗੋਦੀ ਮੀਡੀਆ ਨਿਹਾਲ ਹੋਇਆ ਪਿਆ। ਸਾਰੇ ਭਾਰਤ ਦੇ ਹਿੰਦੂਆਂ ਨੂੰ ਸਮਝਾਇਆ ਜਾ ਰਿਹਾ ਕਿ ਮੋਦੀ ਸਾਬ੍ਹ ਮਹਾਨ ਨੇ, ਜੇ ਉਹਨਾਂ ਦੀ ਛਤਰ-ਛਾਇਆ ਨਾ ਰਹੇ ਤਾਂ ਪਹਿਲਗਾਮ ਵਾਂਗ ਆਪਣੇ ਘਰਾਂ ਵਿੱਚ ਹਮਲੇ ਹੋਣਗੇ, ਇਸ ਲਈ ਮੋਦੀ ਸਰਕਾਰ ਜ਼ਿੰਦਾਬਾਦ ਕਹੋ। ਕਸ਼ਮੀਰੀ ਅੱਤਵਾਦ ਦਾ ਹਊਆ ਸਾਰੇ ਭਾਰਤ ਵਿੱਚ ਵੋਟਾਂ ਦੇ ਧਰੁਵੀਕਰਨ ਨਾਲੋਂ ਵੀ ਅਗਾਂਹ ਹਿੰਦੂਆ ਨੂੰ ਇਕਜੁੱਟ ਕਰਕੇ ਭਾਰਤੀ ਮੁਸਲਮਾਨਾਂ ਖ਼ਿਲਾਫ਼ ਲਾਮਬੰਦ ਕਰਦਾ ਹੈ। ਵਕਫ਼ ਸੋਧ ਕਾਨੂੰਨ ਦੇ ਵਿਰੋਧ ਵਿੱਚ ਸਰਗਰਮ ਮੁਸਲਮਾਨ ਡਰਾਉਣ ਲਈ ਪਹਿਲਗਾਮ ਘਟਨਾ ਮਗਰੋਂ ਬਣਿਆ ਮਹੌਲ ਕਾਰਗਰ ਹੈ। ਹਿਮਾਚਲ ਵਿੱਚ ਤ੍ਰਿਸਕਾਰ ਪਿੱਛੋਂ ਜਿਹੜੇ ਸੈਲਾਨੀ ਕਸ਼ਮੀਰ ਦੇ ਗੁਣ ਗਾ ਰਹੇ ਸੀ ਉਹਨਾਂ ਨੂੰ ਵੀ ਸਮਝਾ ਦਿੱਤਾ ਗਿਆ ਹੈ ਕਿ ਇੱਥੇ ਵੀ ਜਾਨ ਦਾ ਖ਼ਤਰਾ ਹੈ। ਇਹ ਹਮਲਾ ਕਸ਼ਮੀਰੀ

ਲੋਕਾਂ ਦਾ ਜਾਂ ਕਸ਼ਮੀਰ ਦੀ ਅਜ਼ਾਦੀ ਦੇ ਸੰਘਰਸ਼ ਦਾ ਫ਼ਾਇਦਾ ਕਰੇ ਜਾਂ ਨਾ ਕਰੇ ਪਰ ਭਗਵੇਂ ਬ੍ਰਿਗੇਡ/ ਮੋਦੀ ਸਰਕਾਰ ਤੇ ਗੋਦੀ ਮੀਡੀਆ ਦੇ ਲਈ ਸੌ ਪ੍ਰਤੀਸ਼ਤ ਫ਼ਾਇਦੇਮੰਦ ਹੈ। ਜੇ ਕੋਈ ਮੋਦੀਤੰਤਰ ਦੇ ਉਲਟ ਗੱਲ ਕਰੇਗਾ ਓਹ ਦੇਸ਼ਧ੍ਰੋਹੀ ਹੋਵੇਗਾ, ਮਾਹੌਲ ਅਜਿਹਾ ਬਣਾਇਆ ਜਾਏਗਾ ਕਿ ਕੋਈ ਵੀ ਸਵਾਲ ਪੁੱਛੇ ਬਗੈਰ ਬਸ ਹਮਲੇ ਦੀ ਨਿੰਦਿਆ ਕਰੋ। ਜਿਵੇਂ ਪਾਰਲੀਮੈਂਟ 'ਤੇ ਹਮਲੇ ਦੀ ਅਸਲ ਸਾਜਿਸ਼ ਬਾਰੇ ਕਦੇ ਕਿਸੇ ਨੇ ਸਵਾਲ ਨਹੀਂ ਸੀ ਕੀਤਾ, ਜਿਵੇਂ ਪੁਲਵਾਮਾ ਹਮਲੇ ਬਾਰੇ ਕੋਈ ਸਵਾਲ ਨਹੀਂ ਸੀ ਪੁੱਛਿਆ, ਓਵੇਂ ਚਾਹੇ ਸੌ ਖਦਸ਼ੇ ਹੋਣ ਕਿ ਪਹਿਲਗਾਮ ਹਮਲਾ ਕਿਤੇ ਚਿੱਠੀ ਸਿੰਘਪੁਰਾ ਕਾਂਡ ਦਾ ਹੀ ਦੁਹਰਾਅ ਤਾਂ ਨਹੀਂ, ਪਰ ਬੋਲੋ ਨਾ। ਜਦੋਂ ਡੀ.ਐੱਸ.ਪੀ. ਦਵਿੰਦਰ ਸਿੰਘ ਨੂੰ ਹਥਿਆਰਬੰਦ ਕਸ਼ਮੀਰੀਆਂ ਸਮੇਤ ਸੁਰੱਖਿਆ ਦਸਤਿਆਂ ਨੇ ਘੇਰ ਲਿਆ ਸੀ ਤਾਂ ਉਸ ਨੇ ਬੜਾ ਰੌਲਾ ਪਾਇਆ ਕਿ "ਸਰ! ਕਾਹਤੋਂ ਏਜੰਸੀਆਂ ਦੀ ਖੇਡ ਖ਼ਰਾਬ ਕਰ ਰਹੇ ਹੋ ?" ਪਰ ਖੇਡ ਖ਼ਰਾਬ ਹੋ ਈ ਗਈ ਸੀ। ਕਾਸ਼! ਕਸ਼ਮੀਰ 'ਚ ਖੇਡ ਖ਼ਰਾਬ ਹੁੰਦੀ ਰਹੇ ਤੇ ਬੇਦੋਸ਼ੇ ਬਚਦੇ ਰਹਿਣ। ਜੇ ਪਹਿਲਗਾਮ ਹਮਲੇ ਦੀ ਅਮਰੀਕਾ ਅਤੇ ਹੋਰ ਦੇਸ਼ ਨਿਰਪੱਖ ਜਾਂਚ ਕਰਵਾਉਣ ਤਾਂ ਹੈਰਾਨੀਜਨਕ ਖ਼ੁਲਾਸੇ ਹੋ ਸਕਦੇ ਹਨ।

ਅਸੀਂ ਖ਼ਾਲਸਾ ਪੰਥ, ਦੇਸ ਪੰਜਾਬ, ਅਦਾਰਾ ਪਹਿਰੇਦਾਰ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਪਹਿਲਗਾਮ ਹਮਲੇ ਦੇ ਪੀੜਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ।

ਸਿੱਖ ਕੌਮ ਨੇ ਖ਼ੁਦ ਇਹ ਦਰਦ, ਸੰਤਾਪ ਤੇ ਕਤਲੇਆਮ ਹੰਢਾਏ ਹਨ, ਅਸੀਂ ਹਰੇਕ ਪੀੜਤ ਦੀ ਪੀੜਾ ਨੂੰ ਸਮਝਦੇ ਹੀ ਨਹੀਂ ਬਲਕਿ ਮਹਿਸੂਸ ਵੀ ਕਰਦੇ ਹਾਂ ਤੇ ਇਸ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਮਦਦ ਲਈ ਹਮੇਸ਼ਾਂ ਖੜ੍ਹੇ ਹਾਂ। "ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ।"


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey

PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:
778-552-0305

# ਹੀਰੋ ਨੂੰ ਜ਼ੀਰੋ ਬਣਾਉਣ ਦੀ ਕੋਝੀ ਹਰਕਤ

# ਹਿੰਦੂਤਵੀਆਂ ਨੂੰ ਕਰਾਰਾ ਜਵਾਬ ਕਿਹਾ:ਅਸੀਂ ਸਧਾਰਣ ਪ੍ਰੀਵਾਰ ਹਾਂ ਸਾਨੂੰ ਬਖਸ਼ ਦਿਉ

ਨਵੀਂ ਦਿੱਲੀ:ਦੋ ਵਾਰ ਉਲੰਪਿਕ ਤਮਗਾ ਜੇਤੂ ਜੈਵਲਿਨ ਥਰੋਅਰ ਨੀਰਜ ਚੋਪੜਾ ਨੇ ਪਾਕਿਸਤਾਨ ਦੇ ਖਿਡਾਰੀ ਅਰਸ਼ਦ ਨਦੀਮ ਨੂੰ ਐੱਨ ਸੀ ਕਲਾਸਿਕ ਵਿੱਚ ਭਾਗ ਲੈਣ ਦਾ ਸੱਦਾ ਦੇਣ ਲਈ ਉਸ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਨੂੰ ਜਵਾਬ ਦਿੰਦਿਆਂ ਕਿਹਾ ਕਿ ਇਹ ਇਕ ਖਿਡਾਰੀ ਵੱਲੋਂ ਦੂਜੇ ਖਿਡਾਰੀ ਨੂੰ ਸੱਦਾ ਸੀ, ਜੋ ਪਹਿਲਗਾਮ ਅੱਤਵਾਦੀ ਹਮਲੇ ਤੋਂ ਪਹਿਲਾਂ ਭੇਜਿਆ ਗਿਆ ਸੀ।

ਟੋਕੀਓ ਉਲੰਪਿਕ ਦੇ ਸੋਨ ਤਮਗਾ ਜੇਤੂ ਅਤੇ ਪੈਰਿਸ ਖੇਡਾਂ ਦੇ ਚਾਂਦੀ ਤਮਗਾ ਜੇਤੂ ਸਟਾਰ ਨੇ ਕਿਹਾ ਕਿ ਉਹ ਸੋਸ਼ਲ ਮੀਡੀਆ ਪੋਸਟਾਂ ਵਿਚ ਉਸ ਦੀ ਅਤੇ ਉਸ ਦੇ ਪਰਵਾਰ ਦੀ ਇਮਾਨਦਾਰੀ 'ਤੇ ਸਵਾਲ ਉਠਾਉਂਦੇ ਦੇਖ ਕੇ ਬਹੁਤ ਦੁਖੀ ਹੈ ਜੋ ਕਿ ਜ਼ਿਆਦਾਤਰ ਹਿੰਦੂਤਵੀਆਂ ਵੱਲੋਂ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਨੀਰਜ ਚੋਪੜਾ ਨੇ ਪਾਕਿਸਤਾਨੀ ਖਿਡਾਰੀ ਨਦੀਮ ਨੂੰ 24 ਮਈ ਨੂੰ ਬੇਂਗਲੁਰੂ ਵਿੱਚ ਹੋਣ ਵਾਲੇ ਪਹਿਲੇ ਨੀਰਜ ਚੋਪੜਾ ਕਲਾਸਿਕ ਲਈ ਸੱਦਾ ਦਿੱਤਾ ਸੀ।

ਚੋਪੜਾ ਨੇ ਸੋਸ਼ਲ ਮੀਡੀਆ 'ਤੇ ਇੱਕ ਲੰਮੀ ਪੋਸਟ ਵਿੱਚ ਲਿਖਿਆ, 'ਨੀਰਜ ਚੋਪੜਾ ਕਲਾਸਿਕ ਵਿੱਚ ਹਿੱਸਾ ਲੈਣ ਲਈ ਅਰਸ਼ਦ ਨਦੀਮ ਨੂੰ ਮੇਰੇ ਸੱਦੇ ਬਾਰੇ ਬਹੁਤ ਚਰਚਾ ਹੋ ਰਹੀ ਹੈ ਅਤੇ ਇਸ ਵਿੱਚੋਂ ਜ਼ਿਆਦਾਤਰ ਨਫਰਤ ਭਰਿਆ ਅਤੇ ਇਤਰਾਜ਼ਯੋਗ ਹੈ। ਉਨ੍ਹਾ ਮੇਰੇ ਪਰਵਾਰ ਨੂੰ ਵੀ ਨਹੀਂ ਬਖਸ਼ਿਆ। ਮੈਂ ਆਮ ਤੌਰ 'ਤੇ ਜ਼ਿਆਦਾ ਨਹੀਂ ਬੋਲਦਾ, ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਗਲਤ ਦੇ ਖਿਲਾਫ ਨਹੀਂ ਬੋਲਾਂਗਾ। ਉਹ ਵੀ ਉਦੋਂ, ਜਦੋਂ ਸਾਡੇ ਦੇਸ਼ ਲਈ ਮੇਰੇ ਪਿਆਰ 'ਤੇ ਸਵਾਲ ਉਠਾਏ ਜਾ ਰਹੇ ਹੋਣ ਅਤੇ ਮੇਰੇ ਪਰਵਾਰ ਦੀ ਇੱਜ਼ਤ ਦਾਅ 'ਤੇ ਲੱਗੀ ਹੋਵੇ।'ਚੋਪੜਾ ਨੇ ਕਿਹਾ ਕਿ ਸੱਦਾ ਪੱਤਰ ਸੋਮਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਦੋ ਦਿਨ ਪਹਿਲਾਂ ਭੇਜਿਆ ਗਿਆ ਸੀ, ਜੋ ਕਿ ਇਕ ਖਿਡਾਰੀ ਵੱਲੋਂ ਦੂਜੇ ਖਿਡਾਰੀ ਨੂੰ ਸੱਦਾ ਸੀ ਅਤੇ ਇਸ ਤੋਂ ਵੱਧ ਜਾਂ ਘੱਟ ਕੁਝ ਨਹੀਂ। ਨੀਰਜ ਚੋਪੜਾ ਕਲਾਸਿਕ ਦਾ ਉਦੇਸ਼ ਭਾਰਤ ਦੇ ਸਭ ਤੋਂ ਵਧੀਆ ਖਿਡਾਰੀਆਂ ਨੂੰ ਬਾਹਰ ਲਿਆਉਣਾ ਅਤੇ ਸਾਡੇ ਦੇਸ਼ ਵਿੱਚ ਇੱਕ ਵਿਸ਼ਵ ਪੱਧਰੀ ਖੇਡ ਸਮਾਗਮ ਦਾ ਆਯੋਜਨ ਕਰਨਾ ਹੈ। ਇਸ ਦੌਰਾਨ ਚੋਪੜਾ ਨੇ ਪਿਛਲੇ ਸਾਲ ਪੈਰਿਸ ਖੇਡਾਂ ਤੋਂ ਬਾਅਦ ਆਪਣੀ ਮਾਂ ਸਰੋਜ ਦੇ ਬਿਆਨ 'ਤੇ ਵੀ ਚਾਨਣਾ ਪਾਇਆ, ਜਿਸ ਵਿੱਚ ਉਸ ਨੇ ਨਦੀਮ ਨੂੰ ਆਪਣੇ ਪੁੱਤਰ ਦੇ ਸਮਾਨ ਦੱਸਿਆ ਸੀ। ਉਸ ਨੇ ਕਿਹਾ, 'ਮੈਨੂੰ ਇਹ ਵੀ ਸਮਝਣਾ ਮੁਸ਼ਕਲ ਲੱਗਦਾ ਹੈ ਕਿ ਲੋਕ ਕਿਵੇਂ ਰਾਏ ਬਦਲਦੇ ਹਨ। ਜਦੋਂ ਮੇਰੀ ਮਾਂ ਨੇ ਆਪਣੀ ਸਾਦਗੀ ਵਿਚ ਇੱਕ ਸਾਲ ਪਹਿਲਾਂ ਇਕ ਮਾਸੂਮ ਟਿੱਪਣੀ ਕੀਤੀ ਸੀ, ਤਾਂ ਉਸ ਦੇ ਵਿਚਾਰਾਂ ਦੀ ਪ੍ਰਸੰਸਾ ਦਾ ਮੀਂਹ ਵਰ੍ਹਿਆ ਸੀ। ਅੱਜ ਉਹੀ ਲੋਕ ਉਸੇ ਬਿਆਨ ਲਈ ਉਸ ਨੂੰ ਨਿਸ਼ਾਨਾ ਬਣਾਉਣ ਤੋਂ ਪਿੱਛੇ ਨਹੀਂ ਹਟੇ।' ਉਸ ਨੇ ਲਿਖਿਆ, 'ਪਿਛਲੇ 48 ਘੰਟਿਆਂ ਵਿੱਚ ਜੋ ਕੁਝ ਹੋਇਆ, ਉਸ ਤੋਂ ਬਾਅਦ ਅਰਸ਼ਦ ਦੇ ਐੱਨ



ਸੀ ਕਲਾਸਿਕ ਵਿੱਚ ਖੇਡਣ ਦਾ ਕੋਈ ਸਵਾਲ ਹੀ ਨਹੀਂ ਸੀ। ਮੇਰਾ ਦੇਸ਼ ਅਤੇ ਇਸ ਦੇ ਹਿੱਤ ਹਮੇਸ਼ਾ ਪਹਿਲਾਂ ਆਉਂਦੇ ਹਨ। ਮੇਰੀਆਂ ਸੰਵੇਦਨਾਵਾਂ ਅਤੇ ਪ੍ਰਾਰਥਨਾਵਾਂ ਉਨ੍ਹਾਂ ਲੋਕਾਂ ਨਾਲ ਹਨ, ਜਿਨ੍ਹਾਂ ਆਪਣਿਆਂ ਨੂੰ ਗੁਆ ਦਿੱਤਾ ਹੈ। ਪੂਰੇ ਦੇਸ਼ ਦੇ ਨਾਲ ਮੈਂ ਵੀ ਦੁਖੀ ਅਤੇ ਗੁੱਸੇ ਵਿੱਚ ਹਾਂ। ਮੈਨੂੰ ਵਿਸ਼ਵਾਸ ਹੈ ਕਿ ਸਾਡੇ ਦੇਸ਼ ਦੀ ਪ੍ਰਤੀਕਿਰਿਆ ਇੱਕ ਰਾਸ਼ਟਰ ਵਜੋਂ ਸਾਡੀ ਤਾਕਤ ਦਿਖਾਏਗੀ ਅਤੇ ਨਿਆਂ ਹੋਵੇਗਾ।'

ਚੋਪੜਾ ਨੇ ਕਿਹਾ, 'ਇਸ ਦੌਰਾਨ, ਮੈਂ ਇਹ ਯਕੀਨੀ ਬਣਾਉਣ ਲਈ ਹੋਰ ਵੀ ਸਖਤ ਮਿਹਨਤ ਕਰਾਂਗਾ ਕਿ ਦੁਨੀਆ ਭਾਰਤ ਨੂੰ ਯਾਦ ਰੱਖੇ ਅਤੇ ਸਾਰੇ ਸਹੀ ਕਾਰਨਾਂ ਕਰਕੇ ਇਸ ਨੂੰ ਸਤਿਕਾਰ ਨਾਲ ਵੇਖੇ।' ਹਰਿਆਣਾ ਦੇ ਅਥਲੀਟ ਨੇ ਕਿਹਾ, 'ਮੇਰੀ ਇਮਾਨਦਾਰੀ 'ਤੇ ਸਵਾਲ ਉਠਾਉਂਦੇ ਹੋਏ ਦੇਖ ਕੇ ਦੁੱਖ ਹੁੰਦਾ ਹੈ। ਮੈਨੂੰ ਦੁੱਖ ਹੁੰਦਾ ਹੈ ਕਿ ਮੈਨੂੰ ਉਨ੍ਹਾਂ ਲੋਕਾਂ ਨੂੰ ਸਮਝਾਉਣਾ ਪੈ ਰਿਹਾ ਹੈ, ਜੋ ਮੈਨੂੰ ਅਤੇ ਮੇਰੇ ਪਰਵਾਰ ਨੂੰ ਬਿਨਾਂ ਕਿਸੇ ਕਾਰਨ ਦੇ ਨਿਸ਼ਾਨਾ ਬਣਾ ਰਹੇ ਹਨ।ਅਸੀਂ ਸਧਾਰਨ ਲੋਕ ਹਾਂ, ਕਿਰਪਾ ਕਰਕੇ ਸਾਨੂੰ ਕੁਝ ਹੋਰ ਨਾ ਬਣਾਓ। ਮੀਡੀਆ ਦੇ ਕੁਝ ਹਿੱਸਿਆਂ ਨੇ ਮੇਰੇ ਆਲੇ-ਦੁਆਲੇ ਬਹੁਤ ਸਾਰੀਆਂ ਝੂਠੀਆਂ ਕਹਾਣੀਆਂ ਬਣਾਈਆਂ ਹਨ, ਪਰ ਸਿਰਫ਼ ਇਸ ਲਈ, ਕਿਉਂਕਿ ਮੈਂ ਬੋਲਦਾ ਨਹੀਂ ਹਾਂ, ਇਹ ਇਸ ਨੂੰ ਸੱਚ ਨਹੀਂ ਬਣਾਉਂਦਾ।'

## ਚਿੱਠੀ ਸਿੰਘਪੁਰਾ 'ਚ ਸਿੱਖਾਂ ਦੇ ਹੋਏ ਕਤਲੇਆਮ 'ਤੇ ਬਣ ਰਹੀ ਡਾਕੂਮੈਂਟਰੀ ਫ਼ਿਲਮ ਦੀ ਟੀਮ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)- ਜੰਮੂ ਕਸ਼ਮੀਰ ਦੇ ਚਿੱਠੀ ਸਿੰਘਪੁਰਾ 'ਚ ਮਾਰਚ 2000 ਵਿਚ 35 ਸਿੱਖਾਂ ਦੇ ਹੋਏ ਕਤਲੇਆਮ 'ਤੇ ਬਣ ਰਹੀ ਡਾਕੂਮੈਂਟਰੀ ਫ਼ਿਲਮ ਦੇ ਡਾਇਰੈਕਟਰ ਆਪਣੀ ਟੀਮ ਸਮੇਤ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਦੀ ਕੀਤੀ ਮੱਦਦ ਅਤੇ ਨਿਭਾਈਆਂ ਸੇਵਾਵਾਂ ਦੀ ਜਾਣਕਾਰੀ ਲਈ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਡਾਇਰੈਕਟਰ ਸ੍ਰੀ ਰਾਜੇਸ਼ ਰਾਜਾ, ਸ੍ਰੀ ਸੁਮਨ ਤਲਵਾਰ, ਸ੍ਰੀ ਪੀਸੀ ਰਾਉਤ, ਸ. ਐਮ.ਪੀ. ਸਿੰਘ ਅਤੇ ਸ੍ਰੀ ਹੰਸ ਹੀਰਾ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਾਲ 2000 ਵਿਚ ਜੰਮੂ ਕਸ਼ਮੀਰ ਦੇ ਚਿੱਠੀ ਸਿੰਘਪੁਰਾ ਵਿਚ ਵੱਡਾ ਦੁਖਾਂਤ ਵਾਪਰਿਆ ਸੀ, ਜਿਸ ਵਿਚ 35 ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਇਸ ਸਬੰਧ ਵਿਚ ਸ੍ਰੀ ਰਾਜੇਸ਼ ਰਾਜਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਦਸਤਾਵੇਜ਼ੀ ਫ਼ਿਲਮ ਤਿਆਰ ਕਰਨ ਦੀ ਯੋਜਨਾ ਹੈ, ਜਿਸ ਤਹਿਤ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਪਾਸੋਂ ਪੀੜਤਾਂ ਦੀ ਮੱਦਦ ਸਬੰਧੀ ਕੀਤੇ ਕਾਰਜਾਂ ਦੇ ਵੇਰਵਿਆਂ ਦੀ ਜਾਣਕਾਰੀ ਲਈ ਪਹੁੰਚ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪੀੜਤ ਪਰਿਵਾਰਾਂ ਦੀ ਮੱਦਦ ਕਰਨਾ ਆਪਣਾ ਫ਼ਰਜ਼ ਸਮਝਿਆ ਸੀ ਅਤੇ ਸੰਕਟ ਵੇਲੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਵੀ ਕੀਤੀ ਸੀ। ਇਸ ਮੌਕੇ ਸੂਚਨਾ ਅਧਿਕਾਰੀ ਸ. ਰਣਧੀਰ ਸਿੰਘ, ਸ. ਜਤਿੰਦਰਪਾਲ ਸਿੰਘ ਤੇ ਹੋਰ ਹਾਜ਼ਰ ਸਨ।


AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

www.akalisinghgurdwara.ca

Email: akalisinghsikhsociety@gmail.com

ਗੁਰੂ ਪਿਆਰੀ ਸਾਧ ਸੰਗਤ ਜੀ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂਘਰ ਦੇ ਸ਼ਰਧਾਲੂ ਭਾਈ ਗੁਰਦੀਪ ਸਿੰਘ ਅਤੇ ਸ਼ਰਨਜੀਤ ਕੌਰ ਕੈਂਥ ਵਲੋਂ ਆਪਣੇ ਸਪੁੱਤਰ ਕਾਕਾ ਜੈਵੀਅਨ ਸਿੰਘ ਕੈਂਥ (ਪੋਤਰਾ ਭਾਈ ਗੁਰਮੇਲ ਸਿੰਘ ਤੇ ਬੀਬੀ ਤੇਜਵੰਤ ਕੌਰ ਕੈਂਥ ਅਤੇ ਦੋਹਤਰਾ ਭਾਈ ਸੁਰਜੀਤ ਸਿੰਘ ਤੇ ਬੀਬੀ ਮੋਹਨ ਕੌਰ ਰੇਵਤ) ਦੇ ਜਨਮ ਦਿਨ ਦੀ ਖੁਸ਼ੀ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 2 ਮਈ 2025, ਦਿਨ ਸ਼ੁੱਕਰਵਾਰ ਸਵੇਰ 10:00 ਵਜੇ।

ਭੋਗ ਸ੍ਰੀ ਅਖੰਡ ਪਾਠ ਸਾਹਿਬ- 4 ਮਈ 2025, ਦਿਨ ਐਤਵਾਰ ਸਵੇਰੇ 9:30 ਵਜੇ।

ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

2 ਮਈ, ਦਿਨ ਸ਼ੁੱਕਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।

3 ਮਈ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

3 ਮਈ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਸਾਹਿਬ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।

3 ਮਈ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਜੀਤ ਸਿੰਘ ਬਲਿੰਗ ਅਤੇ ਪਰਿਵਾਰ ਵਲੋਂ ਹੋਵੇਗੀ।

4 ਮਈ, ਦਿਨ ਐਤਵਾਰ........ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਗੁਰਦੇਵ ਕੌਰ ਸਹੋਤਾ ਅਤੇ ਪਰਿਵਾਰ ਵਲੋਂ ਹੋਵੇਗੀ।

4 ਮਈ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਵੀਰ ਸਿੰਘ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ।

4 ਮਈ, ਦਿਨ ਐਤਵਾਰ........ਸ਼ਾਮ 4:30 ਵਜੇ ਸਵ. ਭਾਈ ਅਮਰਜੀਤ ਸਿੰਘ ਕੰਬੋ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

6 ਮਈ, ਦਿਨ ਮੰਗਲਵਾਰ.......ਦੁਪਿਹਰ 2:30 ਵਜੇ ਸਵ. ਭਾਈ ਗੁਰਮੀਤ ਸਿੰਘ ਬੈਂਸ ਦੀ ਆਤਮਿਕ ਸ਼ਾਂਤੀ ਲਈ ਆਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

8 ਮਈ, ਦਿਨ ਵੀਰਵਾਰ.........ਸਵੇਰ ਨੂੰ ਅਨੰਦ ਕਾਰਜ ਹੋਵੇਗਾ।

9 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

10 ਮਈ, ਦਿਨ ਸ਼ਨਿੱਚਰਵਾਰ...ਸਵੇਰੇ ਦੋ ਅਨੰਦ ਕਾਰਜ ਹੋਣਗੇ।

10 ਮਈ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਜੀਤ ਸਿੰਘ ਗਰੇਵਾਲ ਤੇ ਪਰਿਵਾਰ ਵਲੋਂ ਹੋਵੇਗੀ।

11 ਮਈ, ਦਿਨ ਐਤਵਾਰ.......ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਰਾਗੀ ਜਥਾ: ਭਾਈ ਰਕਮ ਸਿੰਘ ਕਾਨ੍ਹਪੁਰ ਵਾਲੇ, ਭਾਈ ਅਜੀਤ ਸਿੰਘ ਦੇਹਰਾਦੂਨ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਵੈਨਕੂਵਰ ਵਿੱਚ ਭੀੜ ‘ਤੇ ਗੱਡੀ ਚੜ੍ਹਨ ਨਾਲ 11 ਮੌਤਾਂ, ਕਈ ਜ਼ਖ਼ਮੀ



ਵੈਨਕੂਵਰ (ਡਾ. ਗੁਰਵਿੰਦਰ ਸਿੰਘ ਧਾਲੀਵਾਲ): ਇੱਥੇ ਫਿਲਪੀਨ ਭਾਈਚਾਰੇ ਦੇ ਸਟ੍ਰੀਟ ਫੈਸਟੀਵਲ ਵਿੱਚ ਐਸਯੂਵੀ ਟਰੱਕ ਦੇ ਭੀੜ ਵਿੱਚ ਵੱਜਣ ਤੋਂ ਬਾਅਦ 11 ਜਣਿਆਂ ਦੇ ਮਾਰੇ ਜਾਣ ਦੀ ਦਰਦਨਾਕ ਖਬਰ ਹੈ। ਸ਼ਨਿਚਰਵਾਰ 26 ਅਪ੍ਰੈਲ ਦੀ ਸ਼ਾਮ ਨੂੰ ਕਰੀਬ 8 ਵਜੇ ਤੋਂ ਮਗਰੋਂ ਫਰੇਜ਼ਰ ਸਟਰੀਟ ਅਤੇ ਈਸਟ 41 ਐਵਨਿਊ ਵੈਨਕੂਵਰ, ਵਿੱਚ ਇੱਕ ਫਿਲੀਪੀਨੋ ਫੈਸਟੀਵਲ ਵਿੱਚ, ਲੋਕਾਂ ਦੀ ਭੀੜ ਉੱਪਰ ਇੱਕ ਵਿਆਕਤੀ ਨੇ ਆਪਣੀ ਐਸਯੂਵੀ ਚਾੜ੍ਹ ਦਿੱਤੀ, ਜਿਸ ਕਾਰਨ ਭਿਆਨਕ ਤੇ ਦਿਲ ਕੰਬਾਊ ਹਾਦਸੇ ਵਿੱਚ ਕਈ ਵਿਅਕਤੀ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਇਹ ਘਟਨਾ ਸ਼ਨੀਵਾਰ ਰਾਤ 8 ਵਜੇ ਤੋਂ ਬਾਅਦ ਵਾਪਰੀ ਜਦੋਂ ਇੱਕ ਕਾਲੀ ਸ਼ੂਬ - ਨੇ ‘ਲਾਪੂ ਲਾਪੂ’ ਡੇ ਬਲਾਕ ਪਾਰਟੀ (ਫਿਲਪੀਨੋ ਮੇਲਾ) ਵਿੱਚ ਸ਼ਾਮਿਲ ਲੋਕਾਂ ਨੂੰ ਟੱਕਰ ਮਾਰ ਦਿੱਤੀ, ਜੋ ਕਿ ਫਿਲੀਪੀਨਜ਼ ਦੇ ਪਹਿਲੇ ਰਾਸ਼ਟਰੀ ਨਾਇਕ ਦੇ ਸਨਮਾਨ ਵਿੱਚ ਇੱਕ ਸਾਲਾਨਾ ਜਸ਼ਨ ਸੀ। ਘਟਨਾ ਸਥਾਨ ਤੋਂ ਫੁਟੇਜ ਵਿੱਚ, ਕਈ ਪੀੜਤ ਜ਼ਮੀਨ ‘ਤੇ ਪਏ ਸਨ, ਜਿਨ੍ਹਾਂ ਵਿੱਚੋਂ ਕੁਝ ਮ੍ਰਿਤਕ ਜਾਂ ਕੁਝ ਹੋਰ ਗੰਭੀਰ ਜ਼ਖਮੀ ਦਿਖਾਈ ਦੇ ਰਹੇ ਸਨ। ਪੀੜਤਾਂ ਨੂੰ ਸੜਕ ਦੇ ਨਾਲ ਲਾਈਨ ਵਿੱਚ ਖੜ੍ਹੇ ਫੂਡ ਨਾਲ ਤੁਰਦੇ ਜਾਂ ਉਡੀਕ ਕਰਦੇ ਸਮੇਂ ਟੱਕਰ ਮਾਰੀ ਗਈ। ਵੈਨਕੂਵਰ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ, “ਇੱਕ ਸਟ੍ਰੀਟ ਫੈਸਟੀਵਲ ਵਿੱਚ ਇੱਕ ਡਰਾਈਵਰ ਵੱਲੋਂ ਆਪਣਾ ਐਸਯੂਵੀ ਟਰੱਕ ਭੀੜ ਵਿੱਚ ਵੱਜਣ ਤੋਂ ਬਾਅਦ, ਕਈ ਲੋਕ ਮਾਰੇ ਗਏ ਹਨ ਅਤੇ ਕਈ ਹੋਰ ਜ਼ਖਮੀ ਹੋ ਗਏ ਹਨ। ਭਿਆਨਕ ਹਾਦਸਾ ਕਰਨ ਵਾਲਾ ਡਰਾਈਵਰ ਹਿਰਾਸਤ ਵਿੱਚ ਹੈ। ਜਾਂਚ ਦੇ ਸਾਹਮਣੇ ਆਉਣ ‘ਤੇ ਹੋਰ ਜਾਣਕਾਰੀ ਸਾਹਮਣੇ ਆਵੇਗੀ। ਵੈਨਕੂਵਰ ਪੁਲਸ ਦੇ ਅੰਤਰਿਮ ਚੀਫ਼ ਸਟੀਵ ਰਾਏ ਨੇ 11 ਮੌਤਾਂ ਹੋਣ ਦੀ ਪੁਸ਼ਟੀ ਕੀਤੀ ਹੈ। ਜ਼ਖ਼ਮੀ ਹੋਏ ਵਿਅਕਤੀਆਂ ਦਾ ਵੈਨਕੂਵਰ ਦੇ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਜਾ ਰਿਹਾ ਹੈ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਇਸ ਦੌਰਾਨ ਹਾਦਸੇ ਵਾਲੀ ਜਗ੍ਹਾ ‘ਤੇ ਵੱਡੀ ਗਿਣਤੀ ਵਿੱਚ ਐਮਰਜੈਂਸੀ ਸੇਵਾਵਾਂ ਮੌਕੇ ‘ਤੇ ਮੌਜੂਦ ਹਨ। ਇਹ ਸਪੱਸ਼ਟ ਨਹੀਂ ਹੈ ਕਿ ਇਹ ਹਾਦਸਾ ਦੁਰਘਟਨਾ ਸੀ ਜਾਂ ਜਾਣਬੁੱਝ ਕੇ ਕੀਤਾ ਗਿਆ, ਪਰ ਵੈਨਕੂਵਰ ਕਿੰਗਸਵੇਅ ਦੀ ਨੁਮਾਇੰਦਗੀ ਕਰਨ ਵਾਲੇ ਸੰਸਦ ਮੈਂਬਰ ਡੌਨ ਡੇਵਿਸ ਨੇ ਯ ‘ਤੇ ਇੱਕ ਪੋਸਟ ਵਿੱਚ ਇਸ ਘਟਨਾ ਨੂੰ “ਭਿਆਨਕ ਹਮਲਾ” ਕਿਹਾ। ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਕਿਹਾ: “ਮੈਂ ਅੱਜ ਦੇ ਲਾਪੂ ਲਾਪੂ ਦਿਵਸ ਸਮਾਗਮ ਵਿੱਚ ਵਾਪਰੀ ਭਿਆਨਕ ਘਟਨਾ ਤੋਂ ਹੈਰਾਨ ਅਤੇ ਬਹੁਤ ਦੁਖੀ ਹਾਂ ... ਸਾਡੀਆਂ ਭਾਵਨਾਵਾਂ ਇਸ ਬਹੁਤ ਹੀ ਮੁਸ਼ਕਲ ਸਮੇਂ ਦੌਰਾਨ ਪ੍ਰਭਾਵਿਤ ਸਾਰੇ ਲੋਕਾਂ ਅਤੇ ਵੈਨਕੂਵਰ ਦੇ ਫਿਲੀਪੀਨੋ ਭਾਈਚਾਰੇ ਦੇ ਨਾਲ ਹਨ।”

ਪੁਲਸ ਨੇ ਗੱਡੀ ਦੇ 30 ਕੁ ਸਾਲਾਂ ਦੇ ਡਰਾਈਵਰ ਨੂੰ ਹਿਰਾਸਤ ਵਿੱਚ ਲਿਆ ਹੈ। ਇਹ ਡਰਾਈਵਰ ਆਪਣੇ ਕਿਸੇ ਪਰਿਵਾਰਕ ਮੈਂਬਰ ਦੀ ਗੱਡੀ ਚਲਾ ਰਿਹਾ ਸੀ। ਫੜ੍ਹਿਆ ਗਿਆ ਡਰਾਈਵਰ ਵੈਨਕੂਵਰ ਦਾ ਵਸਨੀਕ ਦੱਸਿਆ ਗਿਆ ਹੈ ਜਿਸਦਾ ਪਹਿਲਾਂ ਤੋਂ ਹੀ ਪੁਲਸ ਨਾਲ ਵਾਹ ਪੈਂਦਾ ਰਿਹਾ ਹੈ। ਪੁਲਸ ਨੇ ਇਸ ਹਮਲੇ ਨੂੰ ਕਿਸੇ ਅੱਤਵਾਦੀ ਹਮਲੇ ਨਾਲ ਜੋੜਨ ਤੋਂ ਇਨਕਾਰ ਕੀਤਾ ਹੈ। ਕੈਨੇਡਾ ਵਿੱਚ ਭਲਕੇ ਫੈਡਰਲ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਵੋਟਾਂ ਪੈਣ ਤੋਂ ਐਨ ਪਹਿਲਾਂ ਵਾਪਰੇ ਇਸ ਦਰਦਨਾਕ ਹਾਦਸੇ ਨੇ ਕੈਨੇਡੀਅਨ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਪੰਜਾਬੀ, ਹਿੰਦੀ ਵਿੱਚ ਵੀ ਗੱਲ ਕਰਦੇ ਹਾਂ

Rx FAMILY CARE PHARMACY

- FREE blister/bubble packing for better compliance
- FREE delivery
- OPEN 7 days a week *including* **Holidays**
- FULL line of home health care/ostomy/wound care
- FULL line of vitamins, supplements, herbs & homeopathy

* ਫਰੀ ਬਲਿਸਟਰ / ਬੱਬਲ ਪੈਕਿੰਗ, ਇੱਛਾ ਮੁਤਾਬਿਕ * ਮੁਫਤ ਡਲਿਵਰੀ
* ਹਫਤੇ ਦੇ ਸੱਤੇ ਦਿਨ ਤੇ ਛੁੱਟੀ ਦੇ ਦਿਨ ਵੀ ਖੁੱਲੇ ਰਹਿੰਦੇ ਹਾਂ
* ਹਰ ਤਰਾਂ ਦੀਆਂ ਸਿਹਤ ਸੇਵਾਵਾਂ ਸਬੰਧੀ ਸਭ ਦੁਆਈਆਂ, ਅਸਟੋਮੀ, ਜਖਮ ਕੇਅਰ
* ਹਰ ਤਰਾਂ ਦੇ ਵਿਟਾਮਿਨ, ਸਪਲੀਮੈਂਟ, ਹਰਬਲ **WE DO TRAVEL SHOTS**
* ਹੋਮਿਓਪੈਥਿਕ ਦਵਾਈਆਂ ਲਈ ਬੀ ਸੀ ਦੀ ਨੰਬਰ 1 ਫਾਰਮੇਸੀ

FREE CONSULTATIONS

Open Hours
Sun:10:00 AM - 4:00 PM
Mon to Thurs:7:00 AM - 8:00 PM
Fri: 7AM - 8 PM Sat:9 AM - 6PM

- ਫ਼ਲੂ ਦੇ ਟੀਕੇ ਲਗਾਏ ਜਾਂਦੇ ਹਨ।
- ਸ਼ੂਗਰ ਟੈਸਟ ਕੀਤਾ ਜਾਂਦਾ ਹੈ
- ਟਰੈਵਲ ਕਰਨ ਲਈ ਜਾ ਇੰਡੀਆ ਜਾਣ ਲਈ ਕਿਹੜੇ ਕਿਹੜੇ ਸ਼ਾਟਸ/ਟੀਕੇ ਲਗਵਾਉਣੇ ਚਾਹੀਦੇ ਹਨ, ਉਸਦੀ ਸਲਾਹ ਵੀ ਦਿੰਦੇ ਹਾਂ।

SURREY
12815 96 Ave, Surrey
Ph:604-581-1900

DELTA
8925-120 Street, Delta
Ph:604-599-4318

WHITE ROCK
1539 Johnston Road
Ph:604-536-1300

## ਕੰਜ਼ਰਵੇਟਿਵ ਆਗੂ ਪੀਅਰੇ ਪੋਇਲੀਵਰ ਓਟਾਵਾ ਵਿੱਚ ਆਪਣੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸੀਟ ਗੁਆ ਬੈਠੇ

ਓਟਾਵਾ— ਕੰਜ਼ਰਵੇਟਿਵ ਆਗੂ ਪੀਅਰੇ ਪੋਇਲੀਵਰ ਨੂੰ ਆਪਣੇ ਲਿਬਰਲ ਵਿਰੋਧੀ ਵੱਲੋਂ ਹਰਾਉਂਣ ਤੋਂ ਬਾਅਦ ਅਗਲੀ ਸੰਸਦ ਵਿੱਚ ਕੋਈ ਸੀਟ ਨਹੀਂ ਮਿਲੇਗੀ, ਜਿਸ ਨਾਲ ਪਾਰਟੀ ਆਗੂ ਵਜੋਂ ਜਾਰੀ ਰਹਿਣ ਦੀ ਉਨ੍ਹਾਂ ਦੀ ਯੋਗਤਾ ਅਤੇ ਹਾਊਸ ਆਫ਼ ਕਾਮਨਜ਼ ਦੀ ਮੁੜ ਮੀਟਿੰਗ ਹੋਣ ‘ਤੇ ਉਨ੍ਹਾਂ ਦੀ ਭੂਮਿਕਾ ਬਾਰੇ ਸਵਾਲ ਖੜ੍ਹੇ ਹੋ ਰਹੇ ਹਨ। 20 ਸਾਲਾਂ ਤੋਂ ਵੱਧ ਸਮੇਂ ਤੱਕ ਸੰਸਦ ਮੈਂਬਰ ਵਜੋਂ ਸੇਵਾ ਕਰਨ ਤੋਂ ਬਾਅਦ, ਪੋਇਲੀਵਰ ਕਾਰਲੇਟਨ ਦੀ ਰਾਈਡਿੰਗ ਵਿੱਚ ਲਿਬਰਲ ਬਰੂਸ ਫੈਨਜੋਏ ਤੋਂ ਹਾਰ ਗਏ। ਚੋਣ ਰਾਤ ਨੂੰ ਆਪਣੇ ਰਿਆਇਤੀ ਭਾਸ਼ਣ ਵਿੱਚ, ਪੋਇਲੀਵਰ ਨੇ ਵਾਅਦਾ ਕੀਤਾ ਕਿ ਕੰਜ਼ਰਵੇਟਿਵ “ਲਿਬਰਲ ਸਰਕਾਰ ਨੂੰ ਜਵਾਬਦੇਹ ਬਣਾਉਣ ਅਤੇ ਬਿਹਤਰ ਵਿਕਲਪਾਂ ਦਾ ਪ੍ਰਸਤਾਵ ਦੇਣ ਦਾ ਸਾਡਾ ਸੰਵਿਧਾਨਕ ਫਰਜ਼ ਨਿਭਾਉਣਗੇ।“ਪਰ ਸੰਸਦ ਵਿੱਚ ਅਧਿਕਾਰਤ ਵਿਰੋਧੀ ਧਿਰ ਦੀ ਅਗਵਾਈ ਕਰਨ ਦਾ ਫਰਜ਼ ਮੌਜੂਦਾ ਸੰਸਦ ਮੈਂਬਰ ਹੀ ਕਰ ਸਕਦਾ ਹੈ।

FIXMAN GLASS REPAIR LTD

Auto
Residential
Commercial

“We Are The Clear Choice”

Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service

- ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ
- ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
- ਲਾਈਫਟਾਈਮ ਵਾਰੰਟੀ
- ਮੋਬਾਈਲ ਸਰਵਿਸ
- ਬੱਗ ਸਕਰੀਨ ਵੀ ਲਾਉਂਦੇ ਹਾਂ
- ਕਾਰ ਨੂੰ ਮੁਫਤ ਸਾਫ ਕਰਦੇ ਹਾਂ
- ਚੁੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ

2 Locations Serves You

SURREY
#301-14640-64Ave Surrey
Ph:604-657-0003

LANGLEY
#102-5968 205A St
Ph:778-258-3000



Mandeep Dhaliwal

www.fixmanglass.com Email:fixmanglass@gmail.com

ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL HOMEOPATHIC SOLUTIONS

Homeopathic Natural Products And Consultations

- Stress
- Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com

# ਮੂਰਤੀ ਬਨਾਮ ਬੁੱਤ




*ਗੁਰਦੇਵ ਸਿੰਘ ਸੱਧੇਵਾਲੀਆ

ਚਿਰ ਦੀ ਗੱਲ ਹੈ ਦੋ ਖ਼ਬਰਾਂ ਬੜੀਆਂ ਚਰਚਾ ਵਿਚ ਰਹੀਆਂ ਇੱਕ ਤਮਾਕੂ ਦੇ ਗੁਟਕੇ ਉਪਰ ਗੁਰੂ ਨਾਨਕ ਸਾਹਿਬ ਦੀ 'ਸੋ-ਕਾਲ' ਮੂਰਤੀ ਤੇ ਦੂਜੀ ਵੀ ਇਸ ਨਾਲ ਹੀ ਰਲਦੀ-ਮਿਲਦੀ ਜਿਹੜੀ ਬਾਹਰ ਕਿਸੇ ਗੋਰੇ ਨੇ ਗੁਰੂ ਨਾਨਕ ਸਾਹਿਬ ਦੇ ਹੱਥ ਵਿਚ ਮੂਵੀ ਕੈਮਰਾ ਫੜਾਇਆ ਹੋਇਆ ਸੀ। ਤੇ ਤੀਜੀ ਹੁਣ ਹੈ ਜਿਹੜੀ ਗੁਰੂ ਸਾਹਿਬ ਦੀ ਆਦਮ ਕੱਦ ਪੱਥਰ ਦੀ ਮੂਰਤੀ।

ਤਮਾਕੂ ਵਾਲੀ ਖ਼ਬਰ ਦੇ ਹੇਠ 'ਖਾਲਸਾ ਨਿਊਜ' ਉਪਰ ਕਿਸੇ ਭਰਾ ਦਾ 'ਕਮੈਂਟਸ' ਸੀ ਜਿਸ ਦਾ ਸਿੱਧਾ ਅਰਥ ਸੀ ਕਿ ਇਹ ਸਭ ਕੁਝ ਗੁਲਾਮੀ ਕਾਰਨ ਹੈ ਤੇ ਗੁਲਾਮ ਕੁਝ ਨਹੀ ਕਰ ਸਕਦਾ ਹੁੰਦਾ।

ਪਰ ਗੁਲਾਮ ਕਿਸਦਾ? ਦਿੱਲੀ ਦਾ ? ਹਿੰਦੂ ਦਾ? ਪਰ ਦਿੱਲੀ ਜਾਂ ਹਿੰਦੂ ਨੇ ਤਾਂ ਮੇਰੇ ਘਰ ਮੂਰਤੀ ਨਹੀਂ ਸਜਾਈ। ਕਿਸ ਨੇ ਕਿਹਾ ਮੂਰਤੀ ਸਜਾਉਣ ਨੂੰ ਮੈਨੂੰ? ਸ੍ਰੀ ਗੁਰੂ ਗਰੰਥ ਸਾਹਿਬ ਨੇ ਜਾਂ ਖੁਦ ਗੁਰੂ ਨਾਨਕ ਸਾਹਿਬ ਨੇ? ਜੇ ਕਿਸੇ ਵੀ ਨਹੀ ਤਾਂ ਇਹ ਮੂਰਤੀ ਆਈ ਕਿਥੋਂ? ਜੇ ਇਹ ਮੂਰਤੀ ਹੁੰਦੀ ਹੀ ਨਾ? ਤੇ ਮੈਂ ਕੀ ਮੰਨ ਲਿਆ ਕਿ ਇਹੀ ਮੂਰਤੀ ਗੁਰੂ ਨਾਨਕ ਸਾਹਿਬ ਦੀ ਹੈ? ਇਸ ਮੰਨ ਲੈਣ ਨੇ ਹੀ ਅੱਜ ਪੱਥਰਾਂ ਦੇ ਬੁੱਤ ਬਣਾਉਂਣੇ ਸ਼ੁਰੂ ਕਰ ਦਿੱਤੇ ਹੋਏ ਨੇ। ਯਾਦ ਰਹੇ ਕਿ ਬੁੱਧ ਧਰਮ ਬੁੱਤ ਪੂਜਾ ਦਾ ਕੱਟੜ ਵਿਰੋਧੀ ਪਰ ਅੱਜ ਖੁਦ ਬੁੱਧ ਦੇ ਬੁੱਤ ਅਸਮਾਨ ਛੂੰਹਦੇ। ਇਹ ਕੋਈ ਦੋ-ਚਾਰ-ਪੰਜ ਸਾਲਾਂ ਵਿਚ ਹੀ ਨਹੀ ਸੀ ਹੋਇਆ। ਹਜਾਰਾਂ ਸਾਲ ਲੱਗ ਗਏ ਬੁੱਧ ਦੇ ਬੁੱਤ ਖੜੇ ਕਰਨ ਲਈ। ਤੁਹਾਨੂੰ ਤਾਂ ਹਾਲੇ ਪੰਜ ਸੌ ਸਾਲ ਹੀ ਹੋਇਆ ਤੇ ਤੁਸੀ ਬੁੱਤ ਖੜੇ ਕਰ ਵੀ ਲਏ?

ਮੈਂ ਜਦ ਮੰਨ ਹੀ ਲਿਆ ਕਿ ਮੂਰਤੀ ਵਾਲਾ ਗੁਰੂ ਮੇਰਾ ਹੈ ਤਾਂ ਬੁੱਤ ਤਾਂ ਖੜੇ ਹੋਣਗੇ ਹੀ। ਮੂਰਤੀ ਨੇ ਤਾਂ ਮੂੰਹੋਂ ਨਹੀ ਨਾ ਬੋਲਣਾ ਕਿ ਮੈਂ ਕਿਸਦੀ ਮੂਰਤੀ ਹਾਂ। ਬੁੱਤ ਕਦੇ ਬੋਲਿਆ? ਬੁੱਤ ਕਿਵੇਂ ਦਸੂਗਾ ਕਿ ਮੈਂ ਗੁਰੂ ਨਾਨਕ ਸਾਹਬ ਦਾ ਬੁੱਤ ਹਾਂ। ਇਹ ਫੈਲਸਾ ਗੁਰੂ ਦਾ ਨਹੀ ਕਿ ਬੁੱਤ ਮੇਰਾ ਹੈ ਇਹ ਤਾਂ ਗੁਰੂ ਉਪਰ ਫੈਸਲਾ ਤੁਸੀਂ ਠੋਸਿਆ ਕਿ ਆਹ ਬੁੱਤ ਤੇਰਾ ਹੈ। ਯਾਣੀ ਤੁਸੀਂ ਹੀ ਫੈਸਲਾ ਕਰਨ ਵਾਲੇ ਹੋਏ ਨਾ ਗੁਰੂ ਦਾ! ਗੁਰੂ ਕਹਿੰਦੇ ਮੈਂ ਆਹ ਨਹੀ ਪਰ ਤੁਸੀਂ ਕਹਿੰਨੇ ਨਾ! ਤੁਸੀਂ ਜੱਜ ਗੁਰੂ ਮੁਲਜਮ? ਤੁਸੀਂ ਗੁਰੂ ਨੂੰ ਵੀ ਜੱਜ ਬਣਕੇ ਬੁੱਤਾਂ ਵਾਲੇ ਕਟਹਿਰੇ ਖੜੇ ਨਹੀ ਕੀਤਾ? ਤੁਹਾਡਾ ਗੁਰੂ ਦੇ ਬੁੱਤ ਯਾਣੀ ਮੂਰਤੀ ਅੱਗੇ ਖੜਕੇ ਅਰਦਾਸਾਂ ਕਰਨਾ ਗੁਰੂ ਨਾਲ ਧਰੋਹ ਨਹੀ? ਗੁਰੂ ਨੇ ਕਦ ਕਿਹਾ ਕਿਥੇ ਕਿਹਾ ਕਿ ਆਹ ਬੁੱਤ ਮੇਰਾ ਹੈ? ਤੁਸੀਂ ਖੁਦ ਹੀ ਗੁਰੂ ਨੂੰ ਬਣਾਇਆ, ਉਸ ਦੀ ਮੂਰਤੀ ਬਣਾਈ, ਉਸ ਦਾ ਬੁੱਤ ਬਣਾਇਆ ਤੇ ਖੁਦ ਹੀ ਉਸ ਦੇ ਅਗੇ ਵਾਸਤੇ ਪਾਉਂਣ ਲੱਗੇ? ਤੁਹਾਡੇ ਤੇ ਪੰਡੀਏ ਵਿਚ ਫਰਕ ਕੀ ਹੈ। ਉਸ ਵੀ ਪੱਥਰ ਦਾ ਰੱਬ ਬਣਾਇਆ ਖੁਦ ਦੇ ਬਣਾਏ ਰੱਬ ਅਗੇ ਖੁਦ ਹੀ ਲੰਮਾ ਪੈ ਲਿਆ? ਬਣਨ ਵਾਲਾ ਵੱਡਾ ਜਾਂ ਬਣਾਉਂਣ ਵਾਲਾ? ਜਦ ਤੁਸੀਂ ਕਹਿੰਨੇ ਗੁਰੂ ਨਾਨਕ ਵੱਡਾ ਤਾਂ ਇਹ ਝੂਠ ਨਹੀ? ਵੱਡਾ ਬਣਾਉਂਣ ਵਾਲਾ ਹੁੰਦਾ ਨਾ ਕਿ ਬਣਨ ਵਾਲਾ? ਜਦ ਗੁਰੂ ਨਾਨਕ ਦੀ ਮੂਰਤੀ ਜਾਂ ਬੁੱਤ ਨੂੰ ਬਣਾਉਂਣ ਵਾਲੇ ਤੁਸੀਂ ਹੋ ਤਾਂ ਤੁਸੀਂ ਸਾਬਤ ਨਹੀ ਕੀਤਾ ਕਿ ਤੁਸੀਂ ਵੱਡੇ ਹੋ?

ਪੰਡੀਏ ਦੇ 'ਭਗਵਾਨ' ਵਾਂਗ ਅੱਜ ਜੇ ਤੇਰਾ ਮੇਰਾ ਸਭਨਾ ਦਾ ਨਾਨਕ ਪੈਰਾਂ ਹੇਠ ਰੱਖ ਕੇ ਛੈਣੀ-ਹਥੌੜਿਆਂ ਨਾਲ ਤਰਾਸ਼ਿਆ ਜਾ ਰਿਹਾ ਤਾਂ ਇਸ ਦੇ ਗੁਨਾਹਗਾਰ ਮੂਰਤੀ ਪੂਜਕ ਸਾਧੜੇ ਤਾਂ ਹਨ ਹੀ ਪਰ ਮੈਂ ਖੁਦ ਵੀ ਤਾਂ ਹਾਂ ਨਾ ਜਿਹੜਾ ਇਨ੍ਹਾਂ ਗੂੰਗੇ ਬੋਲੇ ਬੁੱਤਾਂ ਅਤੇ ਮੂਰਤੀਆਂ ਨੂੰ ਅਪਣੇ ਘਰ ਦਾ ਸ਼ਿੰਗਾਰ ਬਣਾ ਰਿਹਾ ਹਾਂ ਤੇ ਮੰਨ ਲਿਆ ਕਿ ਇਹ ਮੂਰਤੀ ਗੁਰੂ ਨਾਨਕ ਸਾਹਬ ਜੀ ਦੀ ਹੈ। ਤੁਸੀਂ ਮੂਰਤੀ ਸਵੀਕਾਰ ਨਾ ਕਰਦੇ ਤਾਂ ਇਹ ਮੂਰਤੀਆਂ ਵਿਚੋਂ ਬੁੱਤ ਕਿਥੇ ਜਨਮਦੇ। ਇਹ ਤਾਂ ਤੁਸੀਂ ਮੰਨਿਆਂ ਕਿ ਇਹ ਮੂਰਤੀ ਗੁਰੂ ਦੀ ਹੈ।ਜੇ ਮੈਂ ਮੰਨ ਲਿਆ ਇਹੀ ਮੂਰਤੀ ਵਾਲਾ ਹੀ ਮੇਰਾ ਗੁਰੂ ਹੈ ਤਾਂ ਫਿਰ ਸ੍ਰੀ ਗੁਰੂ ਗਰੰਥ ਸਾਹਿਬ ਵਾਲੇ ਮੇਰੇ ਨਾਨਕ ਦਾ ਕੀ ਕਰੋਂਗੇ ਜਿਹੜਾ ਬੁੱਤ ਪੂਜਕ ਨੂੰ ਮੂਰਖ, ਮੁਗਧ ਤੇ ਗਵਾਰ ਕਹਿ ਰਿਹਾ!

ਮੈਂ ਕਹਿੰਨਾ ਮੈਨੂੰ ਹਿੰਦੂ ਨੇ ਗੁਲਾਮ ਕੀਤਾ ਪਰ ਹਿੰਦੂ ਨੇ ਕਦ ਕਿਹਾ ਤੂੰ ਅਪਣੇ ਘਰ ਵਿਚ ਮੂਰਤੀਆਂ ਸਜਾ! ਕਿਹਾ? ਹਿੰਦੂ ਦੀ ਗੁਲਾਮੀ ਦਾ ਸਭ ਤੋਂ ਜਿਆਦਾ ਰੌਲਾ ਪਾਉਂਣ ਵਾਲਿਆਂ ਘਰ ਕੀ ਇਹ ਗੁੰਗੀਆਂ ਮੂਰਤੀਆਂ ਨਹੀ? ਉਹ ਬੁੱਤ, ਉਹ ਮੂਰਤੀ ਤਾਂ ਮੈਂ ਖੁਦ ਘਰੇ ਲੈ ਕੇ ਆਇਆ ਹਾਂ ਨਾ। ਖਰੀਦ ਕੇ। ਗੁਰੂ ਨਾਨਕ ਨੂੰ ਖਰੀਦ ਕੇ? ਗੁਰੂ ਨਾਨਕ ਜੇ ਮੂਰਤੀ ਬਣ ਕੇ ਅੱਜ ਬਜਾਰ ਵਿਚ ਵਿੱਕ ਰਿਹੈ ਤਾਂ ਇਸ ਵਿਚ ਕਿਸੇ ਦੀ ਕੀ ਸਾਜਸ਼ ਹੋ ਸਕਦੀ ਬਈ। ਹੋ ਸਕਦੀ? ਗੁਰੂ ਨਾਨਕ ਦੀ ਮੂਰਤੀ ਦਾ ਖਰੀਦਾਰ ਕੌਣ ਹੈ? ਮੈਂ ਹੀ ਨਾ! ਤੇ ਜੇ ਮੈਂ ਹੀ ਹਾਂ ਤਾਂ ਗੁਰੂ ਨਾਨਕ ਨੂੰ ੨-੪-੫-੭ ਰੁਪਏ-ਡਾਲਰਾਂ ਵਿਚ ਵਿਕਣ ਵੀ ਮੈਂ ਹੀ ਲਾਇਆ ਹੋਇਆ ਨਾ? ਮੈਂ ਅਪਣੇ ਨਾਨਕ ਨੂੰ ਇਨਾ ਸਸਤਾ ਕਰ ਦਿੱਤਾ ਕਿ ਉਹ ਕੁਝ ਟੱਕਿਆਂ ਵਿਚ ਬਜਾਰੀਂ ਵਿਕ ਰਿਹੈ? ਦੋਸ਼ੀ ਕੌਣ ਇਸਦਾ?

ਮੂਰਤੀ ਦੇਖੋ ਮੈਨੂੰ ਪਰੋਸੀ ਕਿਵੇਂ ਗਈ। ਅਖੇ ਬਾਬਾ ਜੀ ਨੂੰ ਖੁਦ ਪ੍ਰਤਖ ਗੁਰੂ ਨਾਨਕ ਸਾਹਿਬ ਨੇ ਦਰਸ਼ਨ ਦਿੱਤੇ। ਮੂਰਤੀ ਬਣਾਉਂਣ ਲਈ!! ਪਰ ਜਿਹੜਾ ਦਰਸ਼ਨ ਦੇਣ ਆਇਆ ਉਹ 'ਬਾਬਿਆਂ' ਨੂੰ ਇਹ ਨਹੀ ਦੱਸ ਕੇ ਗਿਆ ਇਹ ਮੂਰਤੀਆਂ ਤਾਂ ਮੈਂ ਤੋੜ ਚੁੱਕਾਂ? ਇਥੋਂ ਸਾਬਤ ਹੁੰਦਾ ਸ੍ਰੀ ਗੁਰੂ ਗਰੰਥ ਸਾਹਿਬ ਉਪਰ ਰਾਜਾਈਆਂ-ਕੰਬਲ ਦੇਣ ਦੇ ਖੇਖਨ ਕਰਨ ਵਾਲੇ 'ਬਾਬਿਆਂ' ਕਦੇ ਸ੍ਰੀ ਗੁਰੂ ਜੀ ਦੀ ਬਾਣੀ ਨੂੰ ਖੋਹਲ ਕੇ ਨਹੀ ਦੇਖਿਆ ਜੇ ਦੇਖਿਆ ਹੁੰਦਾ ਤਾਂ ਇਨ੍ਹਾਂ ਗੁੰਗੇ ਬੋਲੇ ਬੁੱਤਾਂ ਬਾਰੇ ਜੋ ਲਾਹਨਤਾ ਸ੍ਰੀ ਗੁਰੂ ਜੀ ਦੀ ਬਾਣੀ ਨੇ ਪਾਈਆਂ ਉਹ ਜਰੂਰ ਜਾਣ ਲੈਂਦੇ ਤੇ ਉਨ੍ਹਾਂ ਦੇ ਠਾਠਾਂ ਵਿਚ ਇਨੇ ਵੱਡੇ ਮੂਰਤੇ ਨਾ ਖੜੇ ਹੁੰਦੇ। ਕਿ ਹੁੰਦੇ?

ਮੂਰਤੀ ਮੇਰੀ ਕੌਮ ਦੀ ਕਮਜੋਰੀ ਬਣ ਚੁੱਕੀ। ਮੈਂ ਮੂਰਤੀ ਤੋਂ ਬਿਨਾ ਹੁਣ ਨਹੀ ਰਹਿ ਸਕਦਾ। ਹਰੇਕ ਘਰ ਦਾ ਸ਼ਿੰਗਾਰ ਹੈ ਮੂਰਤੀ। ਮੂਰਤੀਂ ਤੋਂ ਬਿਨਾ ਤਾਂ 'ਸਿੱਖ' ਦਾ ਘਰ ਸੁੰਨਾ ਜਾਪਦਾ। ਯਾਦ ਰਹੇ ਕਿ ਉਹ ਰੋਜਾਨਾ ਮੂਰਤੀ ਅਗੇ ਸਿਰ ਨਹੀ ਝੁਕਾਉਂਦਾ ਬਲਕਿ ਗੁਰੂ ਦਾ ਮੂੰਹ ਚਿੜਾਉਂਦਾ ਹੈ। ਦੰਦੀਆਂ ਖਰਾਉਂਦਾ ਹੈ। ਜੁਬਾਨਾ ਕੱਢਦਾ ਹੈ। ਬੁੱਤ ਪੂਜਣ ਵਾਲੇ ਨੂੰ ਜਦ ਉਹੀ ਗੁਰੂ ਮੂਰਖ, ਮੁਗਧ, ਗਵਾਰ, ਅੰਨ੍ਹਾ, ਗੁੰਗਾ, ਬੋਲਾ ਕਹਿ ਰਹੇ ਹਨ ਤਾਂ ਉਸੇ ਗੁਰੂ ਦੀ ਮੂਰਤੀ ਬਣਾ ਕੇ ਜਦ ਮੈਂ ਮੱਥੇ ਟੇਕਦਾਂ ਤਾਂ ਇਹ ਕੀ ਹੈ?

ਮੈਂ ਹਿੰਦੂ ਤੋਂ ਤਾਂ ਅਜਾਦ ਹੋਣਾ ਚਾਹੁੰਦਾ ਪਰ ਉਸ ਦੀਆਂ ਆਦਤਾਂ ਤੋਂ ਨਹੀ। ਸਰੀਰਕ ਗੁਲਾਮੀ ਇਨੀ ਘਾਤਕ ਨਹੀ ਹੁੰਦੀ ਜਿੰਨੀ ਮਾਨਸਿਕ। ਸਰੀਰ ਤਾਂ ਸ਼ਾਇਦ ਕਿਤੇ ਛੁੱਟ ਜਾਏ ਪਰ ਮਾਨਸਿਕਤਾ ਦੀ ਗੁਲਾਮੀ ਪੀਹੜੀਆਂ ਤੱਕ ਨਾਲ ਜਾਵੇਗੀ।

ਤੁਸੀਂ ਛੁੱਟ ਹੀ ਨਹੀ ਸਕਦੇ। ਸਰੀਰ ਤਾਂ ਚਲੋ ਜੇ ਕਿਤੇ ਦੁਨੀਆਂ ਉਪਰ ਉੱਥਲ-ਪੁੱਥਲ ਹੋਵੇ ਤਾਂ ਹਿੰਦੂ ਤੋਂ ਅਜਾਦ ਹੋ ਜਾਵੇ ਪਰ ਸਿਰ ਨੂੰ ਕੋਈ ਦੁਨੀਆਂ ਦੀ ਤਾਕਤ ਅਜਾਦ ਨਹੀ ਕਰ ਸਕਦੀ। ਉਹ ਤਾਂ ਜਿਥੇ ਵੀ ਤੁਸੀਂ ਹੋਵੋਂਗੇ ਫੱਸੇ ਤੋਤਿਆਂ ਵਾਂਗ ਰਾਮ ਕਥਾ ਪੜੀ ਜਾਵੋਂਗੇ!! ਨਹੀ?

## ਪੰਜਾਬ ਵਿੱਚ ਕਸ਼ਮੀਰੀ ਵਿਦਿਆਰਥੀਆਂ ਦੀ ਕੁੱਟਮਾਰ, ਪਾੜ ਦਿੱਤੇ ਕੱਪੜੇ

ਮੁਹਾਲੀ:-ਪਹਿਲਗਾਮ ਹਮਲੇ ਤੋਂ ਬਾਅਦ ਪੰਜਾਬ ਵਿੱਚ ਕਸ਼ਮੀਰੀ ਵਿਦਿਆਰਥੀਆਂ 'ਤੇ ਹਮਲਾ ਹੋਇਆ ਹੈ। ਮੋਹਾਲੀ ਦੇ ਲਾਲੜੂ ਸਥਿਤ ਯੂਨੀਵਰਸਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿੱਚ ਬਿਹਾਰੀ ਨੌਜਵਾਨਾਂ ਨੇ ਅੱਧੀ ਰਾਤ ਨੂੰ ਜ਼ਬਰਦਸਤੀ ਹੋਸਟਲ ਵਿੱਚ ਦਾਖਲ ਹੋ ਕੇ ਕਸ਼ਮੀਰੀ ਵਿਦਿਆਰਥੀਆਂ ਨੂੰ ਤੇਜ਼ਧਾਰ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ।ਉਨ੍ਹਾਂ ਦੇ ਕੱਪੜੇ ਫਾੜ ਦਿੱਤੇ ਗਏ ਅਤੇ ਇੱਕ ਵਿਦਿਆਰਥੀ ਗੰਭੀਰ ਜ਼ਖਮੀ ਹੋ ਗਿਆ। ਇਸ ਸੰਸਥਾ ਵਿੱਚ 100 ਤੋਂ ਵੱਧ ਕਸ਼ਮੀਰੀ ਵਿਦਿਆਰਥੀ ਪੜ੍ਹ ਰਹੇ ਹਨ ਜੋ ਡਰ ਅਤੇ ਅਸੁਰੱਖਿਆ ਮਹਿਸੂਸ ਕਰ ਰਹੇ ਹਨ। ਕੁਝ ਕਸ਼ਮੀਰੀ ਵਿਦਿਆਰਥੀਆਂ ਨੇ ਵੀਡੀਓ ਵੀ ਵਾਇਰਲ ਕੀਤੀ ਹੈ।

ਇਸ ਮਾਮਲੇ 'ਚ ਪੁਲਿਸ ਅਤੇ ਕਾਲਜ ਪ੍ਰਬੰਧਨ ਨੇ ਹਾਲਾਤ ਨੂੰ ਕਾਬੂ ਵਿੱਚ ਲਿਆ ਹੈ ਅਤੇ ਕਾਲਜ ਵਿੱਚ ਪੁਲਿਸ ਤਾਇਨਾਤ ਕਰ ਦਿੱਤੀ ਗਈ ਹੈ।


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.




- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਰਵਾਇਤੀ ਮਹੀਨਾਵਾਰ ਕਵੀ ਦਰਬਾਰ ਹੋਇਆ





ਸਰੀ:-(ਅਵਤਾਰ ਸਿੰਘ ਢਿੱਲੋ) ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 27 ਅਪ੍ਰੈਲ, 2025 ਦਿਨ ਐਤਵਾਰ ਨੂੰ ਉਪਰਲੇ ਹਾਲ ਵਿੱਚ ਠੀਕ 1.00 ਵਜੇ ਪ੍ਰਧਾਨ ਸ: ਅਵਤਾਰ ਸਿੰਘ ਢਿੱਲੋ ਦੀ ਪ੍ਰਧਾਨਗੀ ਹੇਠ ਪੂਰੀ ਧੂਮ-ਧਾਮ ਨਾਲ ਸ਼ੁਰੂ ਹੋਇਆ ।ਸਾਰੇ ਬੁਲਾਰਿਆਂ ਨੇ ਸਰਗਵਸੀ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਨੂੰ ਸ਼ਰਧਾਂਜਲੀ ਦਿੱਤੀ ਜਿੰਨ੍ਹਾ ਕਵੀ ਸੱਜਨਾ ਅਤੇ ਬੁਲਾਰਿਆਂ ਨੇ ਭਾਗ ਲਿਆ, ਉਹਨਾ ਵਿੱਚ ਗੁਰਬਚਨ ਸਿੰਘ ਬਰਾੜ, ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਬਰਾੜ, ਦਵਿੰਦਰ ਕੋਰ ਜੋਹਲ, ਸਵਰਨ ਸਿੰਘ ਚਾਹਲ, ਅਮਰੀਕ ਸਿੰਘ ਲੇਹਲ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਮਹਿੰਦਰ ਸਿੰਘ ਦਰਦੀ, ਗੁਰਦਿਆਲ ਸਿੰਘ ਜੋਹਲ, ਕੋਰਾ ਪ੍ਰਧਾਨ, ਬਲਬੀਰ ਸਿੰਘ ਸੰਗਾ, ਪ੍ਰਿ; ਮਲੂਕ ਚੰਦ ਕਲੇਰ, ਇੰਦਰਜੀਤ ਕੋਰ ਸੰਧੂ, ਗੁਰਮੀਤ ਸਿੰਘ ਸ਼ੇਖੋ, ਜੀਤ ਮਹਿਰਾ, ਮਨਜੀਤ ਸਿੰਘ ਮੱਲਾ, ਸੁਖਦੇਵ ਸਿੰਘ ਦਰਦੀ, ਗੁਰਦਰਸਨ ਸਿੰਘ ਤਤਲਾ, ਕ੍ਰਿਪਾਲ ਸਿੰਘ ਜੋਹਲ ਆਦਿ ਕਵੀਆਂ ਨੇ ਖੂਬ ਰੰਗ ਬੰਨੇ। ਸਟੇਜ ਸਕੱਤਰ ਦੀ ਜਿੰਮੇਵਾਰੀ ਸ: ਗੁਰਬਚਨ ਸਿੰਘ ਬਰਾੜ ਨੇ ਨਿਭਾਈ। ਅੰਤ ਵਿਚੱ ਪ੍ਰਧਾਨ ਸ: ਅਵਤਾਰ ਸਿੰਘ ਢਿੱਲੋ ਨੇ ਸਾਰਿਆਂ ਦਾ ਧੰਨਵਾਦ ਕੀਤਾ।ਚਾਹ ਪਾਣੀ ਦੀ ਸੇਵਾ ਲਹਿੰਬਰ ਸਿੰਘ ਸਹੋਤਾ ਵੱਲੋ ਅਪਣੇ ਦੋਤੇ ਦੇ ਵਿਵਾਹ ਦੀ ਖੁਸ਼ੀ ਵਿੱਚ ਕੀਤੀ ਗਈ।ਅਗਲੇ ਮਹੀਨੇ ਦੇ ਆਖਰੀ ਐਤਵਾਰ ਨੂੰ ਫਿਰ ਇਕਠੇ ਹੋਣ ਦੀਆਂ ਰੀਝਾਂ ਦਿਲ ਵਿੱਚ ਲੈ ਕੇ ਸਭ ਘਰਾਂ ਨੂੰ ਵਿਦਾ ਹੋਏ।













ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada




## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਇਸ ਹਫਤੇ ਦੇ ਪ੍ਰੋਗਰਾਮਾਂ ਦਾ ਵੇਰਵਾ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਖਾਲਿਸਤਾਨ ਐਲਾਨ ਦਿਵਸ, ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ, ਜਨਮ ਦਿਨ ਸਰਦਾਰ. ਜੱਸਾ ਸਿੰਘ ਆਹਲੂਵਾਲੀਆ ਜੀ ਦਾ ਮਨਾਇਆ ਜਾਵੇਗਾ।

*28 ਅਪ੍ਰੈਲ ਦਿਨ ਸੋਮਵਾਰ ਫਿਊਨਰਲ ਦੁਪਹਿਰ 2:30 ਵਜੇ ਭਾਈ ਦਲਬਾਰਾ ਸਿੰਘ ਧਾਲੀਵਾਲ ਅੰਤਿਮ ਅਰਦਾਸ ਸ਼ਾਮ 4:30 ਵਜੇ
*28 ਅਪ੍ਰੈਲ ਦਿਨ ਸੋਮਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ:
(1)ਭਾਈ ਸਿਮਰਨਦੀਪ ਸਿੰਘ (2) ਬੀਬੀ ਸਾਨੀਆ
*29 ਅਪ੍ਰੈਲ ਦਿਨ ਮੰਗਲਵਾਰ ਫਿਊਨਰਲ ਦੁਪਹਿਰ 1 ਵਜੇ ਭਾਈ ਅਵਤਾਰ ਸਿੰਘ ਥਾਂਦੀ, ਅੰਤਿਮ ਅਰਦਾਸ ਸ਼ਾਮ 3 ਵਜੇ ਹੋਵੇਗੀ।
*30 ਅਪ੍ਰੈਲ ਦਿਨ ਬੁੱਧਵਾਰ ਫਿਊਨਰਲ ਸਵੇਰੇ 10:30 ਵਜੇ ਬੀਬੀ ਕੁਲਦੀਪ ਕੌਰ, ਅੰਤਿਮ ਅਰਦਾਸ 12:30 ਵਜੇ ਹੋਵੇਗੀ।
*1 ਮਈ ਦਿਨ ਵੀਰਵਾਰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਭਾਈ ਬਿਕਰਮਜੀਤ ਸਿੰਘ ਪਰਿਵਾਰ ਵੱਲੋਂ।
*2 ਮਈ ਦਿਨ ਸ਼ੁੱਕਰਵਾਰ 7 ਪਰਿਵਾਰਾਂ ਵੱਲੋਂ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ:
(1) ਬਾਬਾ ਜਵਾਲਾ ਸਿੰਘ ਜੀ ਦੀ ਯਾਦ ਵਿੱਚ (2) ਨਗਰ ਲੰਗੇਰੀ ਜਗੀਰਦਾਰ ਦੀਆਂ ਸੰਗਤ ਵੱਲੋਂ (3) ਨਗਰ ਪਤਾਰਾ ਦੀ ਸੰਗਤ ਵੱਲੋਂ
(4) ਭਾਈ ਅਮਰਜੀਤ ਸਿੰਘ ਕੁਲਾਰ (5) ਭਾਈ ਇੰਦਰਜੀਤ ਸਿੰਘ ਸਰੋਆ (6) ਭਾਈ ਬਲਵਿੰਦਰ ਸਿੰਘ (7) ਬੀਬੀ ਕਮਲਜੀਤ ਕੌਰ
*2 ਮਈ ਦਿਨ ਸ਼ੁੱਕਰਵਾਰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਬੀਬੀ ਕੁਲਦੀਪ ਕੌਰ ਪਰਿਵਾਰ ਵੱਲੋਂ ਹੋਵੇਗੀ।
*3 ਮਈ ਦਿਨ ਸ਼ਨਿੱਚਰਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਸੇਵਾ ਹੋਵੇਗੀ:
(1) ਭਾਈ ਸਰਪ੍ਰੀਤ ਸਿੰਘ (2) ਬੀਬੀ ਬਲਜੀਤ ਕੌਰ ਢਿਲੋਂ (3) ਭਾਈ ਦਲਜੀਤ ਸਿੰਘ ਸਮਰਾ
*4 ਮਈ ਦਿਨ ਐਤਵਾਰ ਅਨੰਦ ਕਾਰਜ ਬੀਬੀ ਕਿਰਨਦੀਪ ਕੌਰ
*4 ਮਈ ਦਿਨ ਐਤਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਪਾਠ ਦੀ ਸੇਵਾ ਹੋਵੇਗੀ:(1) ਬੀਬੀ ਅਨੀਤਾ (2) ਭਾਈ ਗੁਰਵਿੰਦਰ ਸਿੰਘ (3) ਬੀਬੀ ਅਨਮੋਲਪ੍ਰੀਤ ਕੌਰ ਸੰਧੂ ਅਤੇ 2 ਪਰਿਵਾਰਾਂ ਵੱਲੋਂ ਸਹਿਜ ਪਾਠਾਂ ਦੇ ਭੋਗ ਤੇ ਲੰਗਰਾਂ ਦੀ ਸੇਵਾ ਹੋਵੇਗੀ: (1) ਭਾਈ ਅਰਸ਼ਦੀਪ ਸਿੰਘ (2) ਭਾਈ ਗੁਰਬਚਨ ਸਿੰਘ

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਚਰਮੀਤ ਮਠਾਰੂ ਫੜ ਲਿਆ ਨਿਖਿਲ ਸਿੱਧੂ ਦੀ ਭਾਲ ਜਾਰੀ



ਵੈਨਕੂਵਰ:ਪੀਲ ਪੁਲਸ ਨੇ ਕਰੋੜਾਂ ਰੁਪਏ ਦੀ ਕੀਮਤ ਵਾਲੀਆਂ ਲਗਜ਼ਰੀ ਕਾਰਾਂ ਚੋਰੀ ਕਰਕੇ ਹੋਰਨਾਂ ਮੁਲਕਾਂ ਵਿੱਚ ਭੇਜਣ ਵਾਲੇ ਗਰੋਹ ਦੇ ਇਕ ਮੈਂਬਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂਕਿ ਦੂਜੇ ਦੀ ਭਾਲ ਲਈ ਉਸ ਦੀ ਫੋਟੋ ਜਾਰੀ ਕਰਕੇ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਬਰੈਂਪਟਨ ਦੇ ਰਹਿਣ ਵਾਲੇ ਚਰਮੀਤ ਮਠਾਰੂ (29) ਅਤੇ ਨਿਖਿਲ ਸਿੱਧੂ (26) 4 ਨਵੰਬਰ 2023 ਨੂੰ ਲਗਜ਼ਰੀ ਕਾਰਾਂ ਕਿਰਾਏ ’ਤੇ ਦੇਣ ਵਾਲੇ ਸ਼ੋਅ ਰੂਮ ਦੀ ਤੋੜ-ਭੰਨ ਕਰਕੇ ਅੰਦਰ ਗਏ ਤੇ ਉੱਥੇ ਪਈਆਂ ਦਰਜਨਾਂ ਚਾਬੀਆਂ ਕਬਜ਼ੇ ਵਿੱਚ ਲੈ ਲਈਆਂ। ਮਗਰੋਂ ਇਨ੍ਹਾਂ ’ਚੋਂ ਦੋ ਚਾਬੀਆਂ ਨਾਲ ਇੱਕ ਜੀ ਐੱਮ ਸੀ ਕੰਪਨੀ ਦੀ ਐੱਸ ਯੂ ਵੀ ਅਤੇ ਇੱਕ ਰੌਲਜ਼ ਰਾਇਸ ਕਾਰ, ਜਿਨ੍ਹਾਂ ਦੀ ਬਾਜ਼ਾਰੀ ਕੀਮਤ ਸਾਢੇ ਅੱਠ ਕਰੀਬ ਪੰਜ ਕਰੋੜ ਰੁਪਏ ਸੀ, ਉਥੋਂ ਭਜਾ ਕੇ ਲੈ ਗਏ ਤੇ ਸਮੁੰਦਰੀ ਰਸਤੇ ਵਿਦੇਸ਼ਾਂ ਨੂੰ ਭੇਜ ਦਿੱਤੀਆਂ। ਪੁਲਸ ਨੇ ਮਠਾਰੂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਅਦਾਲਤ ’ਚੋਂ ਨਿਖਿਲ ਸਿੱਧੂ ਦੇ ਗ੍ਰਿਫਤਾਰੀ ਵਾਰੰਟ ਹਾਸਲ ਕਰਕੇ ਉਸ ਦੀ ਭਾਲ ਤੇਜ਼ ਕਰ ਦਿੱਤੀ ਹੈ।


Shaadi Shop
Exclusive Indian Wedding Accessories
Ladies Tailoring Service *Lining Suit $70 *Simple Suit $40
Shagun/Rangoli Supplies
Sahe Chiti, Choora/Jewelery Box
Maiyan Fati, Haldi Sets & More
Rentals:Jago-dholki, stools
Fresh Fruit-Dry Fruit-Shagun Baskets
ਵਿਆਹ ਸ਼ਾਦੀ ਤੇ ਸ਼ਗਨ/ਰੰਗੋਲੀ ਸਪਲਾਈ, ਸਾਹੇ ਚਿੱਠੀ/ਚੂੜਾ/ਜਿਊਲਰੀ ਬਾਕਸ, ਜਾਗੋ-ਢੋਲਕੀ-ਸਟੂਲ ਰੈਂਟਲ ਆਦਿ ਲਈ ਸਾਡੇ ਨਾਲ ਸੰਪਰਕ ਕਰੋ
Serving All Areas from Blaine WA to Seattle WA
360-201-0240
16 may

www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
“We accept CANADIAN DENTAL CARE PLAN for Dentures”
- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards
ਅਸੀਂ ਦੰਦ ਬਣਾਉਣ ‘ਚ ਮਾਹਿਰ ਹਾਂ
WE ARE DENTURISTS
CONSUMER CHOICE AWARD 2018 VANCOUVER
Business Category Denturist
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile


Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111

• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!

ਸੇਵਾਵਾਂ :
- ਜਾੜ ਭਰਨੀ
- ਦੰਦ ਕੱਢਣੇ
- ਕਰਾਊਨ ਤੇ ਬ੍ਰਿਜ
- ਡਿਜੀਟਲ ਐਕਸਰੇ
- ਵਾਈਟ ਫਿਲਿੰਗਸ
- ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
- Extractions
- White Fillings
- Root Canals
- Crown & Bridge
- Digital X-Rays
- Teeth Cleaning & Checkup
- All Major Insurance Plans Accepted
- Punjabi, Hindi, Urdu Spoken
- New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ


604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)

Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ

ORIENT
Driving School Ltd.
*Air Brake Course *Individual Lessons *Corporate Training

Class 1, Class 3, Class 4, Class 5, Class 7
We speak English, Punjabi & Hindi
* ਘਰ ਤੋਂ ਫਰੀ ਲੈ ਕੇ ਜਾਣ ਅਤੇ ਛੱਡਣ ਦਾ ਪ੍ਰਬੰਧ ਹੈ
* ਘੱਟ ਸਮੇਂ ਵਿਚ ਵਾਜਿਬ ਰੇਟਾਂ ਤੇ ਵਧੀਆ ਸਿਖਲਾਈ
* ਰੋਡ ਟੈਸਟ ਵਾਸਤੇ ਕਾਰ ਵੀ ਦਿੰਦੇ ਹਾਂ
MELT Approved

You can pick Hours of training according to your availability
Mr. Malhi: 778-444-0111
Certified Instructor/Examiner
PAUL: 778-444-3444
Email:info@orientdrivingschool.com Web:www.orientdrivingschool.com

# GURDWARA DASHMESH PUNJABI SCHOOL

DASMESH PUNJABI SCHOOL

5930 Riverside St, Abbotsford, BC (Matsqui Village)
Email:info@dashmeshschool.ca

# ਸੰਤ ਕਿਰਪਾਲ ਸਿੰਘ ਜੀ ਛੰਨਾ ਵਾਲਿਆਂ ਦੀ

## 84 ਵੀਂ ਬਰਸੀ



ਸੰਤ ਕਿਰਪਾਲ ਸਿੰਘ ਜੀ

**ਗੁਰੂ ਪਿਆਰੇ ਖਾਲਸਾ ਜੀ,**
**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥**

ਖੇੜੀ ਚਾਹਲ, ਖੇੜੀ ਖੁਰਦ, ਸ਼ੇਰਪੁਰ, ਸੇਖਾ, ਕਿਸ਼ਨਗੜ੍ਹ ਛੰਨਾ, ਕਾਤਰੋਂ, ਤਾਜਪੁਰ, ਬਰਮੀ, ਬਸਰਾਮ, ਭੈਣੀ ਦ੍ਰੇੜਾ, ਭੈਣੀ ਬੜਿੰਗਾ, ਸੁਖਾਣੇ, ਕਲਸੀਆਂ, ਲੰਮਾਜੱਟਪੁਰਾ, ਘੁਮਾਣ ਅਤੇ ਰਾਏਕੋਟ ਇਲਾਕੇ ਦੀਆਂ ਸਮੂੰਹ ਸੰਗਤਾਂ ਸੰਤ ਬਾਬਾ ਕ੍ਰਿਪਾਲ ਸਿੰਘ ਜੀ ਛੰਨਾ ਵਾਲਿਆਂ ਦੀ 84ਵੀਂ ਬਰਸੀ ਬੜੀ ਧੂਮਧਾਮ ਨਾਲ ਗੁਰਦੁਆਰਾ ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਵਿਖੇ 9 ਮਈ ਤੋਂ 11 ਮਈ ਤਕ ਮਨਾ ਰਹੀਆਂ ਹਨ। ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਕੇ ਦਰਬਾਰ ਹਾਜ਼ਰੀਆਂ ਭਰੋ ਜੀ

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ............... 9 ਮਈ, 2025 ਦਿਨ ਸ਼ੁਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ........... 11 ਮਈ, 2025 ਦਿਨ ਐਤਵਾਰ ਸਵੇਰੇ 9:00 ਵਜੇ

ਉਪਰੰਤ ਦੀਵਾਨ ਸੱਜਣਗੇ ਪੰਥ ਦੇ ਉਘੇ ਵਿਦਵਾਨ ਸੰਗਤਾਂ ਨੂੰ ਨਿਹਾਲ ਕਰਨਗੇ
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਹੋਰ ਜਾਣਕਾਰੀ ਲਈ ਫੋਨ ਕਰੋ

### ਸਰੀ

ਜੋਗਾ ਸਿੰਘ ਦਿਉਸੀ
604-507-3316
ਨਿਰਮਲ ਸਿੰਘ ਧਾਲੀਵਾਲ
(604) 599-6762
ਜਗਦੀਸ਼ ਸਿੰਘ ਗਰੇਵਾਲ
604-617-2262

ਇਕਬਾਲ ਸਿੰਘ ਸਿੱਧੂ
604-543-6532
ਪ੍ਰਿਤਪਾਲ ਸਿੰਘ ਸਿੱਧੂ
1-604-892-5713
ਕੁਲਵੰਤ ਸਿੰਘ ਗਰੇਵਾਲ
778-999-5177

### ਐਬਟਸਫੋਰਡ

ਗੁਰਿੰਦਰ ਸਿੰਘ ਸਿੱਧੂ
1-604-864-9798

ਜਗਦੇਵ ਸਿੰਘ ਸਿੱਧੂ
1-604-859-9343

ਪਲਵਿੰਦਰ ਸਿੰਘ ਕਾਤਰੋਂ
1-778-240-1543

ਮਿਸ਼ਨ

ਗੁਰਮੀਤ ਸਿੰਘ ਧਾਲੀਵਾਲ
1-(604) 826-4152
Cell:1-(604) 556-8949

# ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੀ ਚੋਣ ਵਿਚ ਰਾਜਿੰਦਰ ਸਿੰਘ ਢਿੱਲੋਂ ਦੀ ਸਲੇਟ ਜੇਤੂ ਰਹੀ:ਬੀਬੀ ਗਰੇਵਾਲ 197 ਵੋਟਾਂ ਨਾਲ ਪਿੱਛੇ ਰਹੀ







ਐਬਸਫੋਰਡ:-ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੀ ਪ੍ਰਬੰਧਕੀ ਕਮੇਟੀ ਦੀ ਚੋਣ ਲਈ ਪਈਆਂ ਵੋਟਾਂ ਦੇ ਦੇਰ ਰਾਤ ਆਏ ਨਤੀਜਿਆਂ ਵਿਚ ਰਾਜਿੰਦਰ ਸਿੰਘ ਰਾਜੂ ਦੀ ਸਲੇਟ ਜੇਤੂ ਰਹੀ । ਪ੍ਰੀਜਾਈਡਿੰਗ ਅਫਸਰ ਗੁਰਤੇਜ ਸਿੰਘ ਗਿੱਲ ਤੇ ਡਿਪਟੀ ਅਫਸਰ ਰਣਧੀਰ ਕੈਲੇ ਦੇ ਦਸਤਖਤਾਂ ਹੇਠ ਜਾਰੀ ਨਤੀਜਿਆਂ ਮੁਤਾਬਿਕ ਕੁੱਲ 4178 ਵੋਟਾਂ ਪੋਲ ਹੋਈਆਂ ਜਿਹਨਾਂ ਚੋਂ 51 ਵੋਟਾਂ ਰੱਦ ਹੋਈਆਂ ਤੇ ਕੁਲ ਯੋਗ 4127 ਵੋਟਾਂ ਚੋਂ ਪ੍ਰਧਾਨਗੀ ਲਈ ਉਮੀਦਵਾਰ ਰਾਜਿੰਦਰ ਸਿੰਘ ਰਾਜੂ 2143 ਵੋਟਾਂ ਲੈਕੇ ਵਿਰੋਧੀ ਉਮੀਦਵਾਰ ਬੀਬੀ ਜਸਵਿੰਦਰ ਕੌਰ ਗਰੇਵਾਲ ਦੀਆਂ 1946 ਵੋਟਾਂ ਦੇ ਮੁਕਾਬਲੇ 197 ਵੋਟਾਂ ਨਾਲ ਜੇਤੂ ਰਹੇ। ਹੋਰ ਅਹੁਦੇਦਾਰਾਂ ਵਿਚ ਮੀਤ ਪ੍ਰਧਾਨ ਵਜੋਂ ਜਗਦੇਵ ਸਿੰਘ ਗਿੱਲ ( 2069 ਵੋਟਾਂ), ਸੈਕਟਰੀ ਲਖਵਿੰਦਰ ਸਿੰਘ ਬਰਾੜ ( 2034 ਵੋਟਾਂ), ਰਿਕਾਰਡ ਸੈਕਟਰੀ ਬਲਜਿੰਦਰ ਸਿੰਘ ਬੈਂਸ ( 2068 ਵੋਟਾਂ), ਰਿਕਾਰਡ ਸੈਕਟਰੀ ਗੁਰਬੀਰ ਸਿੰਘ ਬਰਾੜ (2058 ਵੋਟਾਂ), ਖਜਾਨਚੀ ਅਮਰ ਸਿੰਘ ਧਾਲੀਵਾਲ (2078 ਵੋਟਾਂ) ਅਤੇ ਸਹਾਇਕ ਸੈਕਟਰੀ ਬਲਿਹਾਰ ਸਿੰਘ ਤੱਖਰ ( 2023 ਵੋਟਾਂ) ਤੋਂ ਇਲਾਵਾ ਮਲਕੀਤ ਸਿੰਘ ਤੂਰ, ਮਨਜਿੰਦਰ ਸਿੰਘ ਔਜਲਾ, ਅਮਰੀਕ ਸਿੰਘ ਵਿਰਕ, ਗੁਰਮੇਲ ਸਿੰਘ ਸੰਧੂ, ਸੁਰਜੀਤ ਸਿੰਘ ਸਿੱਧੂ ਤੇ ਅਮਰਜੀਤ ਸਿੰਘ ਨਾਰੰਗ (ਸਾਰੇ ਡਾਇਰੈਕਟਰ) ਚੁਣੇ ਗਏ।

# 130 ਪ੍ਰਮਾਣੂ ਹਥਿਆਰ ਸਿਰਫ਼ ਭਾਰਤ ਲਈ ਰੱਖੋ:ਹਨੀਫ ਅਬਾਸੀ

ਇਸਲਾਮਾਬਾਦ :-ਜੰਮੂ-ਕਸ਼ਮੀਰ ਦੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਦੇ ਰੇਲ ਮੰਤਰੀ ਹਨੀਫ ਅਬਾਸੀ ਨੇ ਕਿਹਾ ਕਿ ਜੇਕਰ ਸਾਡਾ ਪਾਣੀ ਰੋਕਿਆ ਗਿਆ ਤਾਂ ਜੰਗ ਲਈ ਤਿਆਰ ਰਹੋ। ਉਸਨੇ ਕਿਹਾ ਹੈ ਕਿ ਅਸੀਂ ਗੌਰੀ, ਸ਼ਾਹੀਨ, ਗਜ਼ਨਵੀ ਅਤੇ 130 ਪਰਮਾਣੂ ਹਥਿਆਰ ਸਿਰਫ਼ ਭਾਰਤ ਲਈ ਰੱਖੇ ਹਨ। ਇਹ ਸਾਰੇ ਹਥਿਆਰ ਦਾ ਰੁਖ ਭਾਰਤ ਵੱਲ ਹੀ ਹੈ।

ਭਾਰਤ ਨੇ ਤੇਜ਼ ਰਫ਼ਤਾਰ ਕਾਰਵਾਈ ਕਰਦਿਆਂ ਸਿੰਧੂ ਜਲ ਸੰਧੀ ਨੂੰ ਖਤਮ ਕਰਨ ਦਾ ਫੈਸਲਾ ਲਿਆ ਹੈ। ਇਸ ਕਾਰਨ ਭਾਰਤ ਨੇ ਪਾਕਿਸਤਾਨ ਵੱਲ ਜਾਣ ਵਾਲਾ ਪਾਣੀ ਰੋਕ ਦਿੱਤਾ ਹੈ। ਇਸਦੇ ਨਾਲ ਹੀ ਭਾਰਤ ਨੇ ਪਾਕਿਸਤਾਨੀ ਉੱਚਾਯੁਕਤ ਕੋਲੋਂ ਕਈ ਅਧਿਕਾਰੀਆਂ ਨੂੰ ਵਾਪਸ ਜਾਣ ਦਾ ਹੁਕਮ ਵੀ ਦੇ ਦਿੱਤਾ ਹੈ। ਜਵਾਬ ਵਜੋਂ, ਪਾਕਿਸਤਾਨ ਨੇ ਭਾਰਤ ਲਈ ਆਪਣਾ ਏਅਰਸਪੇਸ ਬੰਦ ਕਰ ਦਿੱਤਾ ਹੈ ਅਤੇ ਸ਼ਿਮਲਾ ਐਗਰੀਮੈਂਟ ਨੂੰ ਵੀ ਰੱਦ ਕਰ ਦਿੱਤਾ ਹੈ।













# ਹਮਲਿਆਂ ਦਾ ਸੱਚ ਜਾਨਣ ਦੀ ਲੋੜ...

ਇਤਿਹਾਸਕ ਸਚਾਈ ਹੈ ਕਿ ਮੌਜੂਦਾ ਭਾਰਤ ਦੀ ਅਜ਼ਾਦੀ ਅਤੇ ਸਲਾਮਤੀ ਲਈ ਸਭ ਤੋਂ ਵੱਧ ਸ਼ਹਾਦਤਾਂ ਅਤੇ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਹਨ। ਭਾਰਤ ਦੀ ਤਰੱਕੀ ਵਿੱਚ ਵੀ ਸਿੱਖਾਂ ਦਾ ਅਹਿਮ ਯੋਗਦਾਨ ਹੈ। ਇਸ ਕਰਕੇ ਭਾਰਤ ਉੱਤੇ ਹੋਣ ਵਾਲੇ ਕਿਸੇ ਵੀ ਬਾਹਰੀ ਹਮਲੇ ਦਾ ਦੁੱਖ ਤੇ ਦਰਦ ਵੀ ਸਿੱਖਾਂ ਨੂੰ ਵੱਧ ਹੁੰਦਾ ਹੈ। ਪ੍ਰੰਤੂ ਉਸ ਵੇਲੇ ਬਹੁਤ ਅਫ਼ਸੋਸ ਹੁੰਦਾ ਹੈ ਜਦੋਂ ਹਮਲਿਆਂ ਦੀ ਸਚਾਈ ਦੀਆਂ ਖੁਲ੍ਹਦੀਆਂ ਪਰਤਾਂ ਕੁੱਝ ਹੋਰ ਬਿਆਨ ਕਰਦੀਆਂ ਹਨ। ਮਿਸਾਲ ਦੇ ਤੌਰ ’ਤੇ 23 ਜੂਨ 1985 ਨੂੰ ਏਅਰ ਇੰਡੀਆ ਵਿੱਚ ਹੋਏ ਬੰਬ ਧਮਾਕੇ (ਕਨਿਸ਼ਕਾ) ਵਿੱਚ ਚਾਲਕ ਦਲ ਦੇ ਮੈਂਬਰਾਂ ਸਮੇਤ 329 ਲੋਕ ਮਾਰੇ ਗਏ ਸਨ। ਜਿਨ੍ਹਾਂ ਦਾ ਦੋਸ਼ ਭਾਰਤੀ ਏਜੰਸੀਆਂ ਨੇ ਸਿੱਖਾਂ ਦੇ ਸਿਰ ‘ਤੇ ਮੜਿਆ ਸੀ। ਪ੍ਰੰਤੂ ਸਮਾਂ ਪਾ ਕੇ ਇਹ ਸਪੱਸ਼ਟ ਹੋ ਗਿਆ ਕਿ ਇਹ ਭਾਰਤੀ ਏਜੰਸੀਆਂ ਦੀ ਸਿੱਖਾਂ ਨੂੰ ਬਦਨਾਮ ਕਰਨ ਦੀ ਘਿਣੌਨੀ ਸਾਜ਼ਿਸ਼ ਸੀ। ਇਸ ਤੋਂ ਬਾਅਦ ਮਾਰਚ 2000 ਵਿੱਚ ਜਦੋਂ ਅਮਰੀਕੀ । ਰਾਸ਼ਟਰਪਤੀ ਬਿਲ ਕਲਿੰਟਨ ਭਾਰਤ-ਕਸ਼ਮੀਰ ਦੇ ਦੌਰੇ ‘ਤੇ ਆਏ ਸਨ ਤਾਂ ਉਸ ਸਮੇਂ ਜੰਮੂ ਕਸ਼ਮੀਰ ਦੇ ਪਿੰਡ ਚਿੱਠੀ ਸਿੰਘਪੁਰਾ ਵਿਖੇ 35 ਸਿੱਖਾਂ ਨੂੰ ਪਾਕਿਸਤਾਨੀ ਦਹਿਸ਼ਤਗ਼ਰਦਾਂ ਵੱਲੋਂ ਮਾਰ ਦੇਣ ਦੀ ਗੱਲ ਸਾਹਮਣੇ ਆਈ ਸੀ। ਪ੍ਰੰਤੂ ਥੋੜੇ ਸਮੇਂ ਬਾਅਦ ਅਮਰੀਕਾ ਦੀ ਰੱਖਿਆ ਸਕੱਤਰ ਮੈਡਮ ਮੈਡੇਲੀਨ ਅਲਬ੍ਰਾਈਟ ਨੇ ਬਿਆਨ ਦੇ ਦਿੱਤਾ ਕਿ ਕਾਸ਼ ! ਬਿਲ ਕਲਿੰਟਨ ਭਾਰਤੀ ਦੌਰੇ ਤੇ ਨਾ ਜਾਂਦੇ ਤਾਂ 35 ਸਿੱਖਾਂ ਦੀ ਜਾਨ ਅਜਾਈਂ ਨਾ ਜਾਂਦੀ। ਇਸ ਤੋਂ ਬਾਅਦ ਸਪੱਸ਼ਟ ਹੀ ਹੋ ਗਿਆ ਜਦੋਂ ਭਾਰਤੀ ਫੌਜ ਅਧਿਕਾਰੀਆਂ ਨੇ ਵਿਦੇਸ਼ ਜਾ ਕੇ ਖੁਲਾਸਾ ਕੀਤਾ ਕਿ ਇਹ ਕਾਰਾ ਸਾਡੇ ਕੋਲੋਂ ਭਾਰਤੀ ਖ਼ੁਫ਼ੀਆ ਤੰਤਰ ਨੇ ਕਰਵਾਇਆ ਸੀ। ਅਗਲੀ ਘਟਨਾ 14 ਫਰਵਰੀ 2019 ਨੂੰ ਪੁਲਵਾਮਾ ਵਿਖੇ ਹੋਈ। ਜਿਸ ਵਿੱਚ 40 ਦੇਸ਼ ਦੇ ਰਾਖੇ ਫੌਜੀ ਮਾਰੇ ਗਏ ਸਨ।ਉਸ ਦਾ ਦੋਸ਼ ਵੀ ਪਾਕਿਸਤਾਨੀਆਂ ’ਤੇ ਲੱਗਿਆ ਸੀ ਪ੍ਰੰਤੂ ਭਾਜਪਾ ਦੇ ਸੀਨੀਅਰ ਆਗੂ ਸੱਤਿਆ ਪਾਲ ਮਲਿਕ ਗਵਰਨਰ ਜੰਮੂ ਕਸ਼ਮੀਰ ਨੇ ਇਸ ਨੂੰ ਸਰਕਾਰੀ ਤੰਤਰ ਦੀ ਕਮਜ਼ੋਰੀ ਅਤੇ ਅਣਗਹਿਲੀ ਦੱਸਿਆ ਜਦਕਿ ਵਿਰੋਧੀ ਪਾਰਟੀਆਂ ਨੇ ਇਸ ਹਮਲੇ ਨੂੰ 2019 - ਦੀ ਲੋਕ ਸਭਾ ਚੋਣ ਜਿੱਤਣ ਲਈ ਸਰਕਾਰ ਵੱਲੋਂ ਦਿੱਤੀ ਗਈ 40 ਭਾਰਤੀ ਫੌਜੀਆਂ ਦੀ ਬਲੀ ਤੱਕ ਗ਼ਰਦਾਨਿਆ। ਬੀਤੇ ਦਿਨੀ ਪਹਿਲਗਾਮ ਵਿਖੇ ਹੋਇਆ ਹਮਲਾ ਸਿਰਫ਼ ਕੁੱਝ ਲੋਕਾਂ ਤੇ ਨਹੀਂ ਸਗੋਂ ਹਰ ਭਾਰਤੀ ਨਾਗਰਿਕ ‘ਤੇ ਹੋਇਆ ਹੈ, ਉਹ ਵੀ ਉਸ ਵੇਲੇ ਜਦੋਂ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ ਡੀ ਵੈਨਸ ਕਸ਼ਮੀਰ ਦੇ ਦੌਰੇ ‘ਤੇ ਹਨ। ਇਸ ਹਮਲੇ ਬਾਰੇ ਮੁੱਢਲੇ ਦਾਅਵੇ ਪਹਿਲਿਆਂ ਵਰਗੇ ਹੀ ਹਨ ਪ੍ਰੰਤੂ ਨਾਲ ਨਾਲ ਸ਼ੰਕਾਵਾਂ ਦਾ ਦੌਰ ਵੀ ਚੱਲ ਰਿਹਾ ਹੈ ਕਿ ਕਿਧਰੇ ਪਹਿਲੇ ਹਮਲਿਆਂ ਦੀ ਤਰ੍ਹਾਂ ਇਸ ਹਮਲੇ ਦੀ ਸੱਚਾਈ ਸਮਾਂ ਪਾ ਕੇ ਕੋਈ ਹੋਰ ਰੁੱਖ ਹੀ ਨਾ ਕਰ ਲਵੇ ਕਿਉਂਕਿ ਇਸ ਵੇਲੇ ਵੀ ਦੇਸ਼ ਦੇ ਵੱਡੇ ਸੂਬਿਆਂ ਵਿੱਚ ਵਿਧਾਨ ਸਭਾ ਦੀ ਚੋਣ ਹੋ ਰਹੀ ਹੈ। ਵਕਫ਼ ਕਾਨੂੰਨ ਵਿਰੁੱਧ ਅੰਦੋਲਨ ਭਖਣ ਦਾ ਖਦਸ਼ਾ ਹੈ।ਜੇ ਹਮਲਾ ਸੱਚਮੁੱਚ ਕਿਸੇ ਵਿਰੋਧੀ ਦੇਸ਼ ਦੀ ਸਾਜ਼ਿਸ਼ ਹੈ ਤਾਂ ਸਿੱਖ ਚਟਾਨ ਵਾਂਗ ਆਪਣੇ ਭਰਾਵਾਂ ਨਾਲ ਖੜ੍ਹੇ ਹਨ ਅਤੇ ਸਰਕਾਰ ਨੂੰ ਵੀ ਸਲਾਹ ਹੈ ਕਿ ਜੇਕਰ ਇਹ ਹਮਲੇ ਦੀ ਸੱਚਾਈ ਇਹੀ ਹੈ ਜੋ ਲੋਕਾਂ ਨੂੰ ਦੱਸੀ ਜਾ ਰਹੀ ਹੈ ਤਾਂ ਸਿਰਫ਼ ਅਟਾਰੀ-ਵਾਹਗਾ ਬਾਰਡਰ ਜਾਂ ਪੰਜਾਬ ਦੇ ਰਸਤਿਆਂ ਤੋਂ ਵਪਾਰ ਬੰਦ ਕਰਕੇ ਡਰਾਮਾ ਨਾ ਕੀਤਾ ਜਾਵੇ ਸਗੋਂ ਗੁਜਰਾਤ, ਮੁੰਬਈ ਸਮੇਤ ਸਾਰੇ ਰਸਤਿਆਂ ਤੋਂ ਵਪਾਰ ਉੱਤੇ ਤੁਰੰਤ ਰੋਕ ਲਾਉਣੀ ਚਾਹੀਦੀ ਹੈ।

•ਗੁਰਦਿੰਰਪਾਲ ਸਿੰਘ ਧਨੌਲਾ

# ਮਨੁੱਖਤਾ ਦਾ ਪਾਠ ਸਿੱਖਾਂ ਤੋਂ ਸਿੱਖੋ...

ਅੱਤਵਾਦ ਦੁਨੀਆਂ ਲਈ ਸਭ ਤੋਂ ਖਤਰਨਾਕ ਮੁਸੀਬਤ ਹੈ। ਕੋਈ ਵੀ ਮੁਲਕ ਜਾਂ ਧਰਮ ਅੱਤਵਾਦ ਨਹੀਂ ਚਾਹੁੰਦਾ ਅਤੇ ਕਿਸੇ ਵੀ ਅੱਤਵਾਦੀ ਦਾ ਧਰਮ ਨਹੀਂ ਹੁੰਦਾ। ਨਾ ਹੀ ਮਾਂ ਕਿਸੇ ਨੂੰ ਅੱਤਵਾਦੀ ਸਮਝ ਕੇ ਜਨਮ ਦਿੰਦੀ ਹੈ। ਫਿਰਕੂ ਹਾਲਾਤ ਅਤੇ ਮਜਬੂਰੀਆਂ ਕਈ ਵਾਰ ਚੰਗੇ ਇਨਸਾਨਾਂ ਨੂੰ ਬਾਗੀ ਬਣਾ ਦਿੰਦੀਆਂ ਹਨ। ਲੋਕ ਜਾਂ ਫਿਰਕੂ ਸਿਸਿਆਸਤ ਉਹਨਾਂ ਉੱਤੇ ਵੀ ਅੱਤਵਾਦੀਆਂ ਦਾ ਲੇਬਲ ਲਗਾ ਦਿੰਦੇ ਹਨ। ਅਜਿਹਾ ਸਿੱਖਾਂ ਨੇ ਵੀ ਭੋਗਿਆ ਹੈ। ਪ੍ਰੰਤੂ ਸਿੱਖ ਇਤਿਹਾਸ ਨੂੰ ਬਰੀਕੀ ਨਾਲ ਪੜਿਆ ਪਤਾ ਲੱਗਦਾ ਹੈ ਕਿ ਸਿੱਖ ਕਦੇ ਵੀ ਅੱਤਵਾਦੀ ਨਹੀਂ ਸਨ। ਸਿੱਖਾਂ ਨੇ ਬਗਾਵਤਾਂ ਜਰੂਰ ਕੀਤੀਆਂ ਅਤੇ ਹਰ ਤਰ੍ਹਾਂ ਦੇ ਅੱਤਵਾਦ, ਬੇਸ਼ੱਕ ਉਹ ਕਿਸੇ ਹਕੂਮਤ ਜਾਂ ਧਾਰਮਿਕ ਜਨੂਨੀਆਂ ਵੱਲੋਂ ਫੈਲਾਇਆ ਗਿਆ ਸੀ ਦਾ ਡਟ ਕੇ ਵਿਰੋਧ ਕੀਤਾ। ਇਸ ਬਦਲੇ ਗੁਰੂ ਅਰਜਨ ਸਾਹਿਬ ਤੋਂ ਲੈ ਕੇ ਦੋ ਗੁਰੂ ਸਾਹਿਬਾਨ ‘ ਚਾਰ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਸਮੇਤ ਲੱਖਾਂ ਸਿੰਘ ਅੱਜ ਤੱਕ ਸ਼ਹਾਦਤਾਂ ਦੇ ਚੁੱਕੇ ਹਨ। ਸਮੇਂ ਦੀ ਹਕੂਮਤ ਨੂੰ ਉਸ ਵੇਲੇ ਉਹ ਵੀ ਅੱਤਵਾਦੀ ਲੱਗਦੇ ਹੋਣਗੇ। ਗੁਰੂ ਸਾਹਿਬ ਨੇ ਕਦੇ ਵੀ ਕਿਸੇ ਦੂਜੇ ਧਰਮ ਬਰਾਦਰੀ ਤੇ ਹਮਲਾ ਨਹੀਂ ਕੀਤਾ। ਜਦੋਂ ਕਿ ਸਿਰਫ ਗੁਰੂ ਗੋਬਿੰਦ ਸਿੰਘ ਜੀ ਨੂੰ 13 ਹਮਲੇ ਬਾਈਧਾਰ ਦੇ ਹਿੰਦੂ ਪਹਾੜੀ ਰਾਜਿਆਂ ਅਤੇ ਚੌਦਵੇਂ ਪਹਾੜੀ ਰਾਜਿਆਂ ਤੇ ਮੁਗਲਾਂ ਦੇ ਸਾਂਝੇ ਹਮਲੇ ਦਾ ਮੁਕਾਬਲਾ ਕਰਨਾ ਪਿਆ। ਜੰਗਾਂ ਵਿੱਚ ਵੀ ਗੁਰੂ ਸਾਹਿਬ ਨੇ ਅਸੂਲ ਅਤੇ ਸਿਧਾਂਤ ਕਾਇਮ ਕੀਤੇ। ਬਹੁਤਾ ਕੁਝ ਲਿਖਣਾ ਸੰਭਵ ਨਹੀਂ ਇਨਾ ਹੀ ਕਾਫੀ ਹੈ ਕਿ ਗੁਰੂ ਸਾਹਿਬ ਨੇ ਖੁਦ ਪਿਤਾ ਦੇ ਕਾਤਲ ਜਹਾਂਗੀਰ ਅਤੇ ਦਸਵੇਂ ਜਾਮੇ ਵਿੱਚ ਪਿਤਾ ਦੇ ਕਾਤਲ ਪੁੱਤਰਾਂ ਨੂੰ ਕਤਲ ਕਰਾਉਣ ਵਾਲੇ ਔਰੰਗਜ਼ੇਬ ਦੇ ਸਪੁੱਤਰ ਬਹਾਦਰ ਸ਼ਾਹ ਨਾਲ ਸੰਸਾਰਕ ਅਮਨ ਕਾਇਮ ਰੱਖਣ ਲਈ ਗੱਲਬਾਤ ਦਾ ਰਸਤਾ ਨਹੀਂ ਛੱਡਿਆ।ਮਨ ਦੇ ਰੋਸ ਇਕ ਪਾਸੇ ਛੱਡਕੇ ਮਨੁੱਖਤਾ ਦੇ ਚੰਗੇ ਭਵਿੱਖ ਨੂੰ ਸਾਹਮਣੇ ਰੱਖਿਆ। ਸਭ ਤੋਂ ਵੱਡੀ ਮਿਸਾਲ ਭਾਈ ਘਨੱਈਆ ਜੀ ਨੇ ਪੈਦਾ ਕੀਤੀ। ਜਦੋਂ ਜੰਗ ਵਿੱਚ ਜਖਮੀ ਹੋਏ ਸਿਪਾਹੀਆਂ ਨੂੰ ਪਾਣੀ ਪਿਆਉਣ ਦੀ ਡਿਊਟੀ ਲੱਗੀ ਤਾਂ ਸਿੱਖ ਜਾਂ ਮੁਗਲ, ਆਪਣਾ ਜਾਂ ਵਿਰੋਧੀ ਫੌਜੀ ਨਹੀਂ ਦੇਖਿਆ। ਜੋ ਜਖਮੀ ਦਿਸਿਆ ਪਾਣੀ ਪਿਆਇਆ। ਸ਼ਿਕਾਇਤ ਵੀ ਹੋਈ ਪਰ ਸਜ਼ਾ ਨਹੀਂ ਸੇਵਾ ਮਿਲੀ ਕਿ ਹੁਣ ਨਾਲ ਮਲਮ ਪੱਟੀ ਵੀ ਕਰਨੀ ਹੈ। ਇਸ ਕਰਕੇ ਗੁਰੂ ਇਤਿਹਾਸ ਅਤੇ ਗੁਰੂ ਸਿਧਾਂਤ ਜੀਵਨ ਜਾਂਚ ਸਿਖਾਉਂਦਾ ਹੈ। ਅੱਜ ਜੋ ਕੁਝ ਪਹਿਲਗਾਮ ਵਿੱਚ ਵਾਪਰਿਆ ਉਹ ਕਿਸੇ ਕੌਮ ਦਾ ਏਜੰਡਾ ਨਹੀਂ ਹੋ ਸਕਦਾ ਸਗੋਂ ਸੌੜੀ ਤੇ ਘਟੀਆ ਸਿਆਸਤ ਦੀ ਨਫਰਤੀ ਗੰਦਗੀ ਹੋ ਸਕਦੀ ਹੈ। ਅਜਿਹੇ ਮੁਰਜਮਾ ਨਾਲ ਸਖਤ ਤੋਂ ਸਖਤ ਤਰੀਕੇ ਦਾ ਵਿਹਾਰ ਹੋਣਾ ਚਾਹੀਦਾ। ਪ੍ਰੰਤੂ ਇੱਕ ਦੂਜੇ ਮੁਲਕਾਂ ਦੇ ਵੀਜੇ ਰੱਦ ਕਰਦੇ ਬਿਮਾਰੀਆਂ ਦਾ ਇਲਾਜ ਕਰਵਾਉਣ ਆਏ ਲੋਕਾਂ ਨੂੰ ਧੱਕੇ ਨਾਲ ਕੱਢਣ ਦੀ ਬਜਾਏ, ਉਹਨਾਂ ਦਾ ਮੁਫਤ ਇਲਾਜ ਕਰਕੇ ਤੰਦਰੁਸਤੀ ਤੋਂ ਬਾਅਦ ਬਾਰਡਰ ਤੇ ਛੱਡ ਕੇ ਵਿਰੋਧੀਆਂ ਦੇ ਮੂੰਹ ਤੇ ਬੇਸ਼ਰਮੀ ਦਾ ਕੱਫਣ ਪਾਉਣਾ ਚਾਹੀਦਾ ਹੈ। ਅਜਿਹੇ ਹੁਨਰ ਸਿੱਖੀ ਵਿਰਸੇ ਵਿੱਚੋਂ ਹੀ ਮਿਲ ਸਕਦੇ ਹਨ।

-ਗੁਰਿੰਦਰਪਾਲ ਸਿੰਘ

# ਉੱਤਰ ਪ੍ਰਦੇਸ਼:ਭੜਕਾਊ ਪੋਸਟ ਦੇ ਦੋਸ਼ ਹੇਠ ਲੋਕ ਗਾਇਕਾ ਨੇਹਾ ਸਿੰਘ ਰਾਠੌੜ ਖ਼ਿਲਾਫ਼ ਦੇਸ਼ਧ੍ਰੋਹ ਦੇ ਕੇਸ ਦਰਜ

ਲਖਨਊ:-ਲਖਨਊ ਦੇ ਹਜ਼ਰਤਗੰਜ ਥਾਣੇ ਵਿੱਚ ਲੋਕ ਗਾਇਕਾ ਨੇਹਾ ਸਿੰਘ ਰਾਠੌੜ ਖ਼ਿਲਾਫ਼ ਦੇਸ਼ਧ੍ਰੋਹ ਸਣੇ ਕਈ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।ਇਸ ਦੌਰਾਨ ਨੇਹਾ ਸਿੰਘ ਰਠੌਰ ਨੇ ਜਵਾਬੀ ਹਮਲਾ ਕਰਦਿਆਂ ਸੋਸ਼ਲ ਮੀਡੀਆ ’ਤੇ ਦਾਅਵਾ ਕੀਤਾ ਕਿ ਸਰਕਾਰ ਉਨ੍ਹਾਂ ਵਿਰੁੱਧ ਐੱਫਆਈਆਰ ਦਰਜ ਕਰਕੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣਾ ਚਾਹੁੰਦੀ ਹੈ।ਰਾਠੌੜ ਵਿਰੁੱਧ ਦਾਇਰ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਹਫ਼ਤੇ ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਉਸਦੇ ਵੱਖਰੇ ਵੀਚਾਰ ਦੇਸ਼ ਦੀ ਏਕਤਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ।ਪੁਲੀਸ ਸੂਤਰਾਂ ਨੇ ਦੱਸਿਆ ਕਿ ਕਵੀ ਅਭੈ ਪ੍ਰਤਾਪ ਸਿੰਘ ਦੀ ਸ਼ਿਕਾਇਤ ’ਤੇ ਐੱਫਆਈਆਰ ਦਰਜ ਕੀਤੀ ਗਈ ਹੈ।ਸ਼ਿਕਾਇਤਕਰਤਾ ਅਭੈ ਪ੍ਰਤਾਪ ਸਿੰਘ ਨੇ ਕਿਹਾ, ‘‘ਗਾਇਕਾ ਅਤੇ ਕਵਿੱਤਰੀ ਨੇਹਾ ਸਿੰਘ ਰਾਠੌੜ ਨੇ ਆਪਣੇ ‘ਐਕਸ’ ਹੈਂਡਲ ’ਤੇ ਪਹਿਲਗਾਮ ਅਤਿਵਾਦੀ ਹਮਲੇ ’ਤੇ ਸੋਸ਼ਲ ਮੀਡੀਆ ਪਲੇਟਫਾਰਮ ’ਤੇ ਅਜਿਹੇ ਵੀਡੀਓ ਅਤੇ ਪੋਸਟ ਸਾਂਝੇ ਕੀਤੇ ਸਨ ਜਿਨ੍ਹਾਂ ਦਾ ਕੌਮੀ ਅਖੰਡਤਾ ’ਤੇ ਮਾੜਾ ਪ੍ਰਭਾਵ ਪਿਆ ਸੀ।’’ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਰਾਠੌੜ ਨੇ ਪਹਿਲਗਾਮ ਹਮਲੇ ਵਿੱਚ ਨਿਰਦੋਸ਼ ਲੋਕਾਂ ਦੀ ਮੌਤ ’ਤੇ ਸਵਾਲ ਉਠਾਏ ਅਤੇ ਦੇਸ਼ ਵਿਰੋਧੀ ਬਿਆਨ ਦਿੱਤੇ, ਜਿਸ ਨਾਲ ਸ਼ਾਂਤੀ ਅਤੇ ਜਨਤਕ ਵਿਵਸਥਾ ਦੀ ਉਲੰਘਣਾ ਦਾ ਖ਼ਤਰਾ ਪੈਦਾ ਹੋਇਆ।ਸ਼ਿਕਾਇਤਕਰਤਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਗਾਇਕਾ ਦਾ ਬਿਆਨ ਪਾਕਿਸਤਾਨ ਵਿੱਚ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਿਆ, ਜਿੱਥੇ ਮੀਡੀਆ ਉਸ ਨੂੰ ਭਾਰਤ ਵਿਰੋਧੀ ਪ੍ਰਚਾਰ ਲਈ ਵਰਤ ਰਿਹਾ ਹੈ।ਜੋ ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਪੈਦਾ ਕਰਨ ਦੀ ਕੋਸ਼ਿਸ਼ ਕਰਨਾ ਸ਼ਾਮਲ ਹੈ। ਇਸ ਦੇ ਨਾਲ ਹੀ ਉਸ ਵਿਰੁੱਧ ਸੂਚਨਾ ਤਕਨਾਲੋਜੀ ਐਕਟ ਤਹਿਤ ਵੀ ਕੇਸ ਦਰਜ ਕੀਤਾ ਗਿਆ ਹੈ।



ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ
ਪਾਉਣ ਲਈ ਫੋਨ ਕਰੋ:604-590-5200

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

**ਸ਼ਾਮ ਦੇ ਦੀਵਾਨ**

ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਨਗਰ ਮਹਿਲ ਖੁਰਦ ਜਿਲਾ ਬਰਨਾਲਾ ਦੀਆਂ ਸੰਗਤਾਂ ਅਤੇ ਭਾਈ ਸਰਬਜੀਤ ਸਿੰਘ ਮਨੀਹਾਨੀ ਪਰਿਵਾਰ ਵੱਲੋਂ ਹੋਵੇਗੀ।ਇਹ ਅਖੰਡ ਪਾਠ ਸਾਹਿਬ 2 ਮਈ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 4 ਮਈ ਦਿਨ ਐਤਵਾਰ ਸਵੇਰੇ 9:30 ਵਜੇ ਪੈਣਗੇ। ਉਪਰੰਤ ਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਫਤਾਵਾਰੀ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।



•3 ਮਈ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਕਾਕਾ ਕਰਮਜੀਤ ਸਿੰਘ ਚਾਹਲ ਅਤੇ ਬੱਚੀ ਹਰਪ੍ਰੀਤ ਕੌਰ ਦੇ ਅਨੰਦ ਕਾਰਜ ਦੀ ਸੇਵਾ ਹੋਵੇਗੀ।

•3 ਮਈ ਦਿਨ ਸ਼ਨਿੱਚਰਵਾਰ ਸ਼ਾਮ 3:30 ਵਜੇ ਸੁਖਮਨੀ ਸਾਹਿਬ ਦੇ ਪਾਠ ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਜਸਵਿੰਦਰ ਸਿੰਘ ਪਰਿਵਾਰ ਵੱਲੋਂ ਆਪਣੇ ਪੋਤਰੇ ਕਾਕਾ ਹਿੰਮਤ ਸਿੰਘ ਦੇ ਜਨਮਦਿਨ ਅਤੇ ਭਾਈ ਗੁਰਪ੍ਰੀਤ ਸਿੰਘ ਔਲਖ ਪਰਿਵਾਰ ਵੱਲੋਂ ਸਵ. ਭਾਈ ਚਮਕੌਰ ਸਿੰਘ ਔਲਖ ਦੀ ਯਾਦ ਵਿਚ ਹੋਵੇਗੀ।

•4 ਮਈ ਦਿਨ ਸ਼ਨਿੱਚਰਵਾਰ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ ਕੀਰਤਨ ਅਤੇ ਲੰਗਰਾਂ ਦੀ ਸੇਵਾ ਨਗਰ ਉਪਲ ਭੂਪਾ ਦੀ ਸੰਗਤ ਵੱਲੋਂ ਹੋਵੇਗੀ

• ਨਗਰ ਬੁਰਜ ਹਰੀ ਸਿੰਘ ਦੀਆਂ ਸੰਗਤਾਂ ਵੱਲੋਂ ਆਰੰਭ ਕੀਤੇ ਗਏ ਸਹਿਜ ਪਾਠ ਦੇ ਭੋਗ ਦਿਨ ਐਤਵਾਰ 4 ਮਈ ਨੂੰ ਸਵੇਰੇ 9:30 ਵਜੇ ਪੈਣਗੇ ਅਤੇ ਕੀਰਤਨ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਹੋਵੇਗੀ।

•ਅੰਤਿਮ ਸਸਕਾਰ ਸਵ. ਭਾਈ ਜਪਨਜੋਤ ਸਿੰਘ ਗਰੇਵਾਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ ਸਵੇਰੇ 10 ਵਜੇ ਹੋਵੇਗਾ, ਉਪਰੰਤ ਭੋਗ 11:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

•4 ਮਈ ਦਿਨ ਐਤਵਾਰ ਸ਼ਾਮ 3:30 ਵਜੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਭਾਈ ਮਨਜਿੰਦਰ ਸਿੰਘ ਪ੍ਰਵਾਰ ਵੱਲੋਂ ਹੋਵੇਗੀ ।

•4 ਮਈ ਦਿਨ ਐਤਵਾਰ ਸ਼ਾਮ 5 ਵਜੇ ਰਾਜਵੀਰ ਸਿੰਘ ਢਿੱਲੋਂ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।

•7 ਮਈ ਦਿਨ ਬੁੱਧਵਾਰ ਸ਼ਾਮ 3:30 ਵਜੇ ਭਾਈ ਬਲਪ੍ਰੀਤ ਸਿੰਘ ਪ੍ਰਵਾਰ ਵੱਲੋਂ ਬੱਚੀ ਦੇ ਜਨਮਦਿਨ ਨੂੰ ਮੁੱਖ ਰੱਖਦਿਆਂ ਸੁਖਮਨੀ ਸਾਹਿਬ ਦੇ ਪਾਠ ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।

• 8 ਮਈ ਦਿਨ ਵੀਰਵਾਰ ਸਵੇਰੇ 9:30 ਵਜੇ ਭਾਈ ਜਗਰੂਪ ਸਿੰਘ ਬਰਾੜ ਅਤੇ ਭਾਈ ਸਾਧੂ ਸਿੰਘ ਪ੍ਰਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ ਦਿਨ ਸ਼ਨਿੱਚਰਵਾਰ ਸਵੇਰੇ 9:30 ਵਜੇ ਪੈਣਗੇ ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ ਜੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ

ਕਥਾਵਾਚਕ:ਭਾਈ ਨਿਸ਼ਾਨ ਸਿੰਘ

ਕਵੀਸ਼ਰੀ ਜਥਾ:ਭਾਈ ਹਰਪ੍ਰੀਤ ਸਿੰਘ ਭਾਮੀਆ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਅਮਰੀਕਾ ‘ਚ ਗੈਰ-ਕਾਨੂੰਨੀ ਪ੍ਰਵਾਸੀ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਦੇ ਦੋਸ਼ ਹੇਠ ਮਹਿਲਾ ਜੱਜ ਗ੍ਰਿਫ਼ਤਾਰ

ਵਾਸ਼ਿੰਗਟਨ- ਅਮਰੀਕਾ ਵਿਚ ਇਮੀਗ੍ਰੇਸ਼ਨ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਅਤੇ ਨਿਆਂਪਾਲਿਕਾ ਵਿਚਕਾਰ ਚੱਲ ਰਿਹਾ ਟਕਰਾਅ ਫਿਰ ਤੋਂ ਸਾਹਮਣੇ ਆਇਆ ਹੈ। ਜਿੱਥੇ ਅਮਰੀਕਾ ਵਿਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਵਿਸਕਾਨਸਿਨ ਰਾਜ ਦੇ ਮਿਲਵਾਕੀ ਵਿਚ ਇੱਕ ਮਹਿਲਾ ਜੱਜ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਇੱਕ ਗੈਰ-ਕਾਨੂੰਨੀ ਪ੍ਰਵਾਸੀ ਨੂੰ ਗ੍ਰਿਫ਼ਤਾਰੀ ਤੋਂ ਬਚਣ ਵਿਚ ਮਦਦ ਕਰਨ ਲਈ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗ੍ਰਿਫ਼ਤਾਰੀ ਤੋਂ ਬਾਅਦ ਹੰਗਾਮਾ ਮਚਿਆ ਹੋਇਆ ਹੈ। ਕਿਉਂਕਿ ਜੱਜਾਂ ਦੀਆਂ ਗ੍ਰਿਫ਼ਤਾਰੀਆਂ ਬਹੁਤ ਘੱਟ ਹੁੰਦੀਆਂ ਹਨ, ਇਸ ਲਈ ਇਹ ਘਟਨਾ ਵਿਆਪਕ ਬਹਿਸ ਦਾ ਵਿਸ਼ਾ ਬਣ ਗਈ ਹੈ।

ਡੈਮੋਕ੍ਰੇਟਸ ਪਾਰਟੀ ਨੇ ਇਸ ਦੀ ਸਖ਼ਤ ਆਲੋਚਨਾ ਕੀਤੀ ਹੈ, ਇਸ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ‘ਤੇ ਹਮਲਾ ਦੱਸਿਆ ਹੈ। ਐੱਫ.ਬੀ.ਆਈ. ਨੇ ਮਿਲਵਾਕੀ ਕਾਉਂਟੀ ਸਰਕਟ ਦੀ ਮਹਿਲਾ ਜੱਜ ਹੰਨਾਹ ਡੂਗਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਤੇ ਉਸ ‘ਤੇ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਵਿਚ ਰੁਕਾਵਟ ਪਾਉਣ ਅਤੇ ਇੱਕ ਗੈਰ-ਕਾਨੂੰਨੀ ਪ੍ਰਵਾਸੀ ਨੂੰ ਗ੍ਰਿਫ਼ਤਾਰੀ ਤੋਂ ਬਚਣ ਵਿਚ ਮਦਦ ਕਰਨ ਦਾ ਦੋਸ਼ ਹੈ। ਐੱਫ.ਬੀ.ਆਈ ਦੇ ਡਾਇਰੈਕਟਰ ਕਾਸ਼ ਪਟੇਲ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਕਾਰਵਾਈ ਦਾ ਐਲਾਨ ਕੀਤਾ। ਇਸ ਘਟਨਾ ਨੇ ਟਰੰਪ ਪ੍ਰਸ਼ਾਸਨ ਅਤੇ ਨਿਆਂਪਾਲਿਕਾ ਵਿਚਕਾਰ ਤਣਾਅ ਵਧਾ ਦਿੱਤਾ ਹੈ। ਗੌਰਤਲਬ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਕਰੈਕਡਾਊਨ ਵਿਚ ਨਿਆਂਪਾਲਿਕਾ ਪ੍ਰਵਾਸੀਆਂ ਦੇ ਬਚਾਅ ਵਿਚ ਆ ਗਈ ਹੈ ਅਤੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਇੱਕ ਤੋਂ ਬਾਅਦ ਇੱਕ ਫੈਸਲੇ ਜਾਰੀ ਕਰ ਰਹੀ ਹੈ।

18 ਅਪ੍ਰੈਲ ਨੂੰ ਜੱਜ ਡੂਗਨ ਨੇ ਇੱਕ ਮੈਕਸੀਕਨ ਨਾਗਰਿਕ ਐਡੁਆਰਡੋ ਫਲੋਰੈਂਸ ਰੁਇਜ਼ ਨੂੰ ਆਪਣੀ ਅਦਾਲਤ ਦੇ ਕਮਰੇ ਵਿਚ ਆਈ.ਸੀ.ਈ. ਏਜੰਟਾਂ ਦੁਆਰਾ ਫੜੇ ਜਾਣ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ। ਫਲੋਰੈਂਸ ਰੂਇਜ਼ ਉਸ ਸਮੇਂ ਘਰੇਲੂ ਹਿੰਸਾ ਦੇ ਮਾਮਲੇ ਵਿਚ ਡੂਗਨ ਦੀ ਅਦਾਲਤ ਵਿਚ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਡੂਗਨ ਨੇ ਆਈ.ਸੀ.ਈ. ਏਜੰਟਾਂ ਨੂੰ ਅਦਾਲਤ ਦੇ ਕਮਰੇ ਦੇ ਬਾਹਰ ਉਡੀਕ ਕਰਨ ਲਈ ਕਿਹਾ ਅਤੇ ਮੁੱਖ ਜੱਜ ਨਾਲ ਗੱਲ ਕਰਨ ਦਾ ਇਸ਼ਾਰਾ ਕੀਤਾ। ਫਿਰ ਉਹ ਫਲੋਰੈਂਸ ਰੂਇਜ਼ ਅਤੇ ਉਸ ਦੇ ਵਕੀਲ ਨੂੰ ਜਿਊਰੀ ਦੇ ਦਰਵਾਜ਼ੇ ਰਾਹੀਂ ਅਦਾਲਤ ਦੇ ਕਮਰੇ ਤੋਂ ਬਾਹਰ ਲੈ ਗਏ। ਇਸ ਨਾਲ ਏਜੰਟਾਂ ਨੂੰ ਗ੍ਰਿਫ਼ਤਾਰੀ ਕਰਨ ਵਿਚ ਦੇਰੀ ਹੋਈ। ਜਦੋਂ ਉਸ ਨੂੰ ਪਤਾ ਲੱਗਾ ਕਿ ਆਈ.ਸੀ.ਈ. ਏਜੰਟ ਫਲੋਰੈਂਸ ਰੂਇਜ਼ ਨੂੰ ਗ੍ਰਿਫ਼ਤਾਰ ਕਰਨ ਲਈ ਅਦਾਲਤ ਦੇ ਕਮਰੇ ਤੋਂ ਬਾਹਰ ਗਏ ਸਨ ਅਤੇ ਉਨ੍ਹਾਂ ਦੀ ਮੌਜੂਦਗੀ ਨੂੰ ਅਣਉਚਿਤ ਅਤੇ ਅਣਚਾਹੇ ਕਿਹਾ।ਡੂਗਨ ਫਲੋਰੈਂਸ ਨੂੰ ਜਿਊਰੀ ਦੇ ਦਰਵਾਜ਼ੇ ਰਾਹੀਂ ਬਾਹਰ ਲੈ ਗਈ, ਉਸਨੂੰ ਆਮ ਦਰਵਾਜ਼ੇ ਰਾਹੀਂ ਬਾਹਰ ਨਹੀਂ ਜਾਣ ਦਿੱਤਾ। ਹਾਲਾਂਕਿ ਆਈ.ਸੀ.ਈ. ਏਜੰਟਾਂ ਨੇ ਉਸਨੂੰ ਅਦਾਲਤ ਦੇ ਬਾਹਰੋਂ ਗ੍ਰਿਫ਼ਤਾਰ ਕਰ ਲਿਆ।

# ਜੇਕਰ ਪੁੱਤਰ ਦੋਸ਼ੀ ਹੈ ਤਾਂ ਪਿਤਾ/ਪਰਿਵਾਰ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ:ਤਾਰੀਗਾਮੀ



ਸ਼੍ਰੀਨਗਰ: ਭਿਆਨਕ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰਦੇ ਹੋਏ, ਸੀਨੀਅਰ ਸੀਪੀਆਈ(ਐਮ) ਨੇਤਾ ਅਤੇ ਕੁਲਗਾਮ ਤੋਂ ਵਿਧਾਇਕ, ਐਮ ਵਾਈ ਤਰੀਗਾਮੀ ਨੇ ਕਿਹਾ ਕਿ ਜੇਕਰ ਕਿਸੇ ਪੁੱਤਰ ਨੇ ਕੁਝ ਗਲਤ ਕੀਤਾ ਹੈ, ਤਾਂ ਉਸਦੇ ਪਿਤਾ, ਪਰਿਵਾਰ, ਜਾਂ ਇੱਥੋਂ ਤੱਕ ਕਿ ਉਸਦੇ ਗੁਆਂਢੀ ਨੂੰ ਵੀ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ।

ਸੁਪਰੀਮ ਕੋਰਟ ਦਾ ਵੀ ਫੈਸਲਾ ਹੈ “ਜੇਕਰ ਕੋਈ ਪੁੱਤਰ ਦੋਸ਼ੀ ਹੈ, ਤਾਂ ਉਸਦੇ ਪਿਤਾ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਸਰਕਾਰ ਕਥਿਤ ਅੱਤਵਾਦੀ ਜਾਇਦਾਦਾਂ ਨੂੰ ਢਾਹ ਰਹੀ ਹੈ, ਜਿਵੇਂ ਕਿ ਅਚਾਨਕ ਅੱਤਵਾਦੀਆਂ ਦੀ ਮੌਜੂਦਗੀ ਯਾਦ ਆ ਰਹੀ ਹੋਵੇ। ਕੇਂਦਰ 2014 ਤੋਂ ਜੰਮੂ-ਕਸ਼ਮੀਰ ਵਿੱਚ ਕਾਨੂੰਨ ਵਿਵਸਥਾ ਦਾ ਕੰਟਰੋਲ ਸੰਭਾਲ ਰਿਹਾ ਹੈ; ਉਨ੍ਹਾਂ ਨੂੰ ਮੌਜੂਦਾ ਸੁਰੱਖਿਆ ਦ੍ਰਿਸ਼ ਲਈ ਜਵਾਬਦੇਹ ਹੋਣਾ ਚਾਹੀਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਘਰ ਢਾਹੁਣ ਦੀਆਂ ਮੁਹਿੰਮਾਂ ਵਿੱਚ, ਗੁਆਂਢੀਆਂ ਦੇ ਘਰਾਂ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ। “ਉਨ੍ਹਾਂ ਦਾ ਕੀ ਕਸੂਰ ਹੈ? ਕੀ ਇਹ ਅੱਤਵਾਦ ਨਾਲ ਲੜਨ ਦਾ ਤਰੀਕਾ ਹੈ?... ਇਹ ਸਿਰਫ ਨਿਰਦੋਸ਼ ਲੋਕਾਂ ਨੂੰ ਹੀ ਦੂਰ ਕਰੇਗਾ।ਅਪਰਾਧਾਂ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ, ਪਰ ਨਿਰਦੋਸ਼ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ।

# ਕੋਈ ਵੱਡੀ ਅਮਰੀਕਨ ਸਖਸ਼ੀਅਤ ਦੇ ਭਾਰਤ ਵਿਚ ਆਉਣ ਤੇ ਹੀ ਪਹਿਲਗਾਮ ਵਰਗੇ ਦੁਖਾਂਤ ਕਿਉਂ ਵਾਪਰਦੇ ਹਨ?ਪੰਥਕ ਜਥੇਬੰਦੀਆਂ ਜਰਮਨੀ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਪਹਿਲਗਾਮ ਵਿਖ਼ੇ ਕੀਤੇ ਗਏ ਕਾਇਰਤਾਪੂਰਨ ਹਮਲੇ ਰਾਹੀਂ ਵਡੀ ਗਿਣਤੀ ਅੰਦਰ ਬੇਗੁਨਾਹ ਸੈਲਾਨੀਆਂ ਨੂੰ ਮਾਰਨਾ ਅਤਿ ਦੁਖਦਾਇਕ ਹੈ ਤੇ ਅਸੀਂ ਉਨ੍ਹਾਂ ਪੀੜਿਤ ਪਰਿਵਾਰਾਂ ਦੇ ਦੁੱਖ ਵਿਚ ਉਨ੍ਹਾਂ ਨਾਲ ਖੜੇ ਹਾਂ।ਜਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਰਜਿੰਦਰ ਸਿੰਘ ਬੱਬਰ, ਭਾਈ ਬਲਜਿੰਦਰ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬੱਬਰ, ਭਾਈ ਗੁਰਮੀਤ ਸਿੰਘ ਖਨਿਆਣ, ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਸੁਖਦੇਵ ਸਿੰਘ ਹੇਰਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਭਾਈ ਹੀਰਾ ਸਿੰਘ ਮੱਤੇਵਾਲ, ਇੰਟਰਨੈਸਨਲ ਸਿੱਖ ਫੈਡਰੇਸ਼ਨ ਜਰਮਨੀ ਭਾਈ ਲਖਵਿੰਦਰ ਸਿੰਘ ਮੱਲ੍ਹੀ ਨੇ ਮੀਡੀਆ ਨੂੰ ਜਾਰੀ ਕੀਤੇ ਸਾਂਝੇ ਬਿਆਨ ਰਾਹੀਂ ਕਿਹਾ ਕਿ ਇਥੇ ਕੁਝ ਗੱਲਾਂ ਵਿਚਾਰਣਯੋਗ ਹਨ ਕਿ ਸਾਲ 2000 ਵਿਚ ਜਦੋ ਅਮਰੀਕਨ ਪ੍ਰੈਜੀਡੈਟ ਬਿਲ ਕਲਿੰਟਨ ਇੰਡੀਆ ਦੌਰੇ ਤੇ ਆਏ ਸਨ ਤਾਂ ਉਸ ਸਮੇ ਫ਼ੌਜ ਵੱਲੋ ਜੰਮੂ-ਕਸਮੀਰ ਦੇ ਚਿੱਠੀਸਿੰਘਪੁਰਾ ਵਿਖੇ 43 ਨਿਹੱਥੇ ਅਤੇ ਨਿਰਦੋਸ ਸਿੱਖਾਂ ਨੂੰ ਇਕ ਲਾਇਨ ਵਿਚ ਖੜ੍ਹਾ ਕਰਕੇ ਗੋਲੀਆ ਨਾਲ ਖਤਮ ਕਰ ਦਿੱਤਾ ਗਿਆ ਸੀ।ਉਪਰੰਤ 2020 ਵਿਚ ਜਦੋਂ ਸ਼੍ਰੀ ਟਰੰਪ ਭਾਰਤੀ ਦੌਰੇ ਤੇ ਆਏ ਸਨ ਤਾਂ ਦਿੱਲੀ ਅੰਦਰ ਹਿੰਦੂ-ਮੁਸਲਿਮ ਦੰਗੇ ਹੋ ਗਏ । ਫਿਰ ਜਦੋ ਹੁਣ ਬੀਤੇ ਦਿਨੀਂ ਅਮਰੀਕਾ ਦੇ ਵਾਈਸ ਪ੍ਰੈਜੀਡੈਟ ਸ੍ਰੀ ਜੇ.ਡੀ ਬੈਨਸ ਆਏ ਹਨ, ਤਾਂ ਜੰਮੂ ਕਸਮੀਰ ਦੇ ਪਹਿਲਗਾਮ ਵਿਖੇ ਇਹ ਦੁਖਾਂਤ ਵਾਪਰਿਆ।ਕੋਈ ਵੱਡੀ ਅਮਰੀਕਨ ਸਖਸੀਅਤ ਦੇ ਭਾਰਤ ਵਿਚ ਆਉਣ ਤੇ ਹੀ ਅਜਿਹੇ ਦੁਖਾਂਤ ਕਿਉਂ ਵਾਪਰਦੇ ਹਨ ?

# ਆਸਟ੍ਰੇਲੀਆ ‘ਚ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

ਸਿਡਨੀ:-ਆਸਟ੍ਰੇਲੀਆ ਦੇ ਨਿਊ ਸਾਊਥ ਵੇਲਜ਼ ਵਿੱਚ ਇੱਕ 18 ਸਾਲਾ ਪੰਜਾਬੀ ਨੌਜਵਾਨ ਏਕਮ ਸਿੰਘ ਸਾਹਨੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਹ ਘਟਨਾ ਨਿਊਕਾਸਲ ਦੇ ਬਾਰ ਬੀਚ ਕਾਰ ਪਾਰਕ ਵਿੱਚ ਵਾਪਰੀ, ਜਿੱਥੇ ਝਗੜੇ ਤੋਂ ਬਾਅਦ ਕੁਝ ਨੌਜਵਾਨਾਂ ਨੇ ਉਸ ‘ਤੇ ਗੋਲੀਆਂ ਚਲਾਈਆਂ। ਮੌਕੇ ‘ਤੇ ਪੁੱਜੀ ਐਮਰਜੈਂਸੀ ਟੀਮ ਨੇ ਉਸ ਨੂੰ ਜ਼ਖਮੀ ਹਾਲਤ ਵਿੱਚ ਲੱਭਿਆ, ਪਰ ਉਸ ਦੀ ਜਾਨ ਬਚਾਈ ਨਹੀਂ ਜਾ ਸਕੀ। ਮ੍ਰਿਤਕ ਦੀ ਪਛਾਣ ਪਟਿਆਲਾ ਦੇ ਰਾਜਪੁਰਾ ਵਾਸੀ ਅਮਰਿੰਦਰ ਸਿੰਘ ਸਾਹਨੀ ਦੇ ਪੁੱਤਰ ਵਜੋਂ ਹੋਈ ਹੈ।

ਪੁਲਿਸ ਦੇ ਅਨੁਸਾਰ, ਘਟਨਾ ਦੇ ਸਮੇਂ ਕਾਰ ਪਾਰਕ ਵਿੱਚ ਕੁਝ ਲੋਕਾਂ ਵਿਚਕਾਰ ਝਗੜਾ ਹੋ ਰਿਹਾ ਸੀ। ਇਸ ਦੌਰਾਨ ਇੱਕ ਚੋਰੀ ਹੋਈ ਵਾਈਟ ਸ਼ੂੜ ਕਾਰ ਆਈ, ਜਿਸ ਵਿੱਚੋਂ ਇੱਕ ਵਿਅਕਤੀ ਹਥਿਆਰ ਨਾਲ ਉਤਰਿਆ ਅਤੇ ਏਕਮ ਸਿੰਘ ‘ਤੇ ਗੋਲੀਆਂ ਚਲਾਈਆਂ। ਗੋਲੀਆਂ ਮਾਰਨ ਵਾਲਾ ਵਿਅਕਤੀ ਫਿਰ ਕਾਰ ਵਿੱਚ ਬੈਠ ਕੇ ਭੱਜ ਗਿਆ।

ਬਾਅਦ ਵਿੱਚ ਇਹ ਵਾਹਨ ਟਿੰਗਿਰਾ ਹਾਈਟਸ ਦੇ ਨੇੜੇ ਜਲਾਇਆ ਹੋਇਆ ਮਿਲਿਆ। ਪੁਲਿਸ ਦਾ ਕਹਿਣਾ ਹੈ ਕਿ ਇਹ ਹਮਲਾ ਝਗੜੇ ਨਾਲ ਸਿੱਧਾ ਸੰਬੰਧਿਤ ਨਹੀਂ ਸੀ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਵਿਕਟੋਰੀਆ ‘ਚ ਮਹਾਨ ਨਗਰ ਕੀਰਤਨ ਸਜਾਇਆ:ਵੱਡੀ ਗਿਣਤੀ ‘ਚ ਸੰਗਤਾਂ ਨੇ ਸ਼ਿਰਕਤ ਕੀਤੀ



ਵਿਕਟੋਰੀਆ-ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਵਿਸ਼ਾਲ ਨਗਰ ਕੀਰਤਨ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਵਿਕਟੋਰੀਆ ਚ ਸਥਾਨਕ ਸੰਗਤਾਂ ਵੱਲੋਂ ਬੜੀ ਹੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਵਿਕਟੋਰੀਆ ਸਥਿਤ ਗੁਰਦੁਆਰਾ ਸਿੰਘ ਸਭਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਚ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜੋ ਸਿਸਲੀਆ ਰੋਡ, ਨੈਪੀਅਰ ਲੇਨ ,ਬਰਨ ਸਾਈਡ ਰੋਡ, ਡਗਲਸ ਸਟਰੀਟ ਅਤੇ ਜੱਟਲੇਨ ਸਟਰੀਟ ਰਾਹੀਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਿੰਘ ਸਭਾ ਚ ਸੰਪਨ ਹੋਇਆ। ਇਸ ਨਗਰ ਕੀਰਤਨ ਚ ਵਿਕਟੋਰੀਆ ਦੀ ਸੰਗਤ ਤੋਂ ਇਲਾਵਾ ਵੈਨਕੂਵਰ ,ਕੈਲਗਰੀ ,ਐਬਸਫ਼ੋਰਡ ,ਸਰੀ ਅਤੇ ਹੋਰਨਾਂ ਨੇੜਲੇ ਸ਼ਹਿਰਾਂ ਤੋਂ ਪਹੁੰਚੀਆਂ ਸੰਗਤਾਂ ਨੇ ਬੜੇ ਹੀ ਉਤਸ਼ਾਹ ਸਹਿਤ ਭਾਗ ਲਿਆ। ਇਸ ਨਗਰ ਕੀਰਤਨ ਚ ਸ਼ਾਮਿਲ ਸੰਗਤਾਂ ਦੀ ਸਹੂਲਤ ਲਈ ਸਥਾਨਕ ਸਿੱਖ ਸੰਗਤਾਂ ਵੱਲੋਂ ਨਗਰ ਕੀਰਤਨ ਦੇ ਨਿਰਧਾਰਿਤ ਕੀਤੇ ਰੂਟਾਂ ਦੀਆਂ ਵੱਖ ਵੱਖ ਸੜਕਾਂ ਤੇ ਲਗਾਏ ਗਏ ਛੋਟੇ ਟੈਂਟਾਂ ਚ ਵੱਖ-ਵੱਖ ਪਕਵਾਨਾਂ ਦੇ ਤਿਆਰ ਕੀਤੇ ਲੰਗਰਾਂ ਨੂੰ ਬੜੇ ਹੀ ਚਾਅ ਅਤੇ ਸਤਿਕਾਰ ਦੀ ਭਾਵਨਾ ਨਾਲ ਵਰਤਾਇਆ ਗਿਆ। ਨਗਰ ਕੀਰਤਨ ਦੇ ਤਹਿਸੁਦਾ ਰੂਟ ਕਾਰਨ ਵਿਕਟੋਰੀਆ ਪੁਲਿਸ ਦੇ ਸਹਿਯੋਗ ਨਾਲ ਆਮ ਰਾਹਗੀਰਾਂ ਲਈ ਆਵਾਜਾਈ ਦੇ ਬਦਲਵੇਂ ਪ੍ਰਬੰਧਾਂ ਦੇ ਨਾਲ ਨਾਲ ਸੁਰੱਖਿਆ ਦੇ ਮੱਦੇਨਜਰ ਪੁਖਤਾ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਤੇ ਵੱਖ ਵੱਖ ਗਤਕਾ ਪਾਰਟੀਆਂ ਵੱਲੋਂ ਆਯੋਜਿਤ ਗਤਕਾ ਮੁਕਾਬਲਿਆਂ ਦੇ ਜੋਹਰਾਂ ਦੇ’ਜੰਗਾਜੂ ਦ੍ਰਿਸ਼’ ਪੇਸ਼ ਕਰਨ ਨਾਲ ਸਮੁੱਚਾ ਮਾਹੌਲ ਖਾਲਸਾਈ ਰੰਗ ਚ ਰੰਗਿਆ ਮਹਿਸੂਸ ਹੋਇਆ । ਸਿੱਖ ਮੋਟਰਸਾਈਕਲ ਕਲੱਬ ਦੀ ਟੀਮ ਦੇ ਮੈਂਬਰਾਂ ਵੱਲੋਂ ਵੀ ਆਪਣੇ ਮੋਟਰਸਾਈਕਲਾਂ ਸਮੇਤ ਨਗਰ ਕੀਰਤਨ ਚ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਗਈ।

# ਪਾਕਿਸਤਾਨ ਹਾਈ ਕਮਿਸ਼ਨ ਦੀਆਂ ਖਿੜਕੀਆਂ ਤੋੜਨ ਦੇ ਦੋਸ਼ ਵਿੱਚ ਹਿੰਦੂਤਵੀ ਨੂੰ ਕੀਤਾ ਗ੍ਰਿਫ਼ਤਾਰ

ਲੰਡਨ:-ਲੰਡਨ ਵਿਚ ਕਥਿਤ ਤੌਰ ਤੇ ਪਾਕਿਸਤਾਨ ਹਾਈ ਕਮਿਸ਼ਨ ਦੀਆਂ ਖਿੜਕੀਆਂ ਤੋੜਨ ਦੇ ਦੋਸ਼ ਵਿਚ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਹ ਘਟਨਾ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਮਾਹੌਲ ’ਚ ਵਾਪਰੀ ਹੈ। ਲੰਡਨ ਵਿਚ ਭਾਰਤੀ ਅਤੇ ਪਾਕਿਸਤਾਨੀ ਪ੍ਰਵਾਸੀਆਂ ਨੇ ਇਸ ਹਮਲੇ ਦੇ ਵਿਰੋਧ ਵਿਚ ਵੱਖ-ਵੱਖ ਪ੍ਰਦਰਸ਼ਨ ਕੀਤੇ ਸਨ।

ਮੈਟਰੋਪੋਲੀਟਨ ਪੁਲੀਸ ਨੇ ਕਿਹਾ ਕਿ 41 ਸਾਲਾ ਅੰਕਿਤ ਲਵ ਨੂੰ ਐਤਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ’ਤੇ ਅਪਰਾਧਿਕ ਨੁਕਸਾਨ ਦਾ ਦੋਸ਼ ਲਗਾਇਆ ਗਿਆ ਸੀ, ਅਧਿਕਾਰੀਆਂ ਨੂੰ ਐਤਵਾਰ ਸਵੇਰੇ ਇਕ ਵਿਅਕਤੀ ਵੱਲੋਂ ਡਿਪਲੋਮੈਟਿਕ ਮਿਸ਼ਨ ਦੀਆਂ ਖਿੜਕੀਆਂ ਤੋੜਨ ਦੀ ਰਿਪੋਰਟ ਮਿਲੀ। ਪੁਲੀਸ ਦੇ ਬੁਲਾਰੇ ਨੇ ਦੱਸਿਆ, “ਅੰਕਿਤ ਲਵ (41), ਜਿਸਦਾ ਕੋਈ ਨਿਸ਼ਚਿਤ ਰਿਹਾਇਸ਼ ਪਤਾ ਨਹੀਂ ਹੈ, ਨੂੰ ਐਤਵਾਰ 27 ਅਪ੍ਰੈਲ ਨੂੰ ਗ੍ਰਿਫ਼ਤਾਰ ਕਰਕੇ ਦੋਸ਼ੀ ਠਹਿਰਾਇਆ ਗਿਆ।


Bhola
Car Seat Cover Ltd.
Specialize in Custom & Universal Seat Covers
- Leather Car Seat Covers
- Leather Truck Covers
- Truck Lino
- ਲੈਦਰ ਕਾਰ ਸੀਟ ਕਵਰ
- ਲੈਦਰ ਟਰੱਕ ਕਵਰ
- ਟਰੱਕ ਲਾਇਨੋ



Great Deals On CAR MATS & ACCESSORIES
ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ ‘ਚ



Call:Simranjeet Singh
778-926-2662
#104-13119-84Ave, Surrey, BC



PROMOTIONS SINCE 2004
Grow Your Business with
A1 PROMOTIONS.
ਏ ਵੰਨ ਪਰੋਮੋਸ਼ਨਸ

Torphy Awards
Custom T Shirts
Team Uniforms
Custom Printed Tents, Flags
ਕਸਟਮ ਪਰਿੰਟਡ ਟੀ ਸ਼ਰਟਾਂ, ਜਰਸੀਆਂ, ਜੈਕਟਾਂ
ਵਿਆਹ ਸ਼ਾਦੀ ਦੇ ਸਾਈਨ ਸਕੂਲ ਯੂਨੀਫੌਰਮ

www.a1promotions.ca
604-763-1500
13375-72 AVE SURREY, BC
sales@a1promotions.ca

*Mon - Fri 9:30 am to 5:30 pm Sat 10 am - 5 pm*

# ਅੱਲਾ ਹੂ ਅਕਬਰ ਤੇ ਜੈ ਸ੍ਰੀ ਰਾਮ ਕਹਿ ਕੇ ਹਵਾਈ ਯਾਤਰੀਆਂ ਦੇ ਸਾਹ ਸੁਕਾ ਦਿੱਤੇ

ਵਾਰਾਨਸੀ : ਲਾਲ ਬਹਾਦੁਰ ਸ਼ਾਸਤਰੀ ਕੌਮਾਂਤਰੀ ਹਵਾਈ ਅੱਡੇ ਬਾਬਤਪੁਰ ’ਤੇ ਸ਼ਨੀਵਾਰ ਰਾਤ 10.30 ਵਜੇ ਹਫੜਾ-ਦਫੜੀ ਮਚ ਗਈ, ਜਦੋਂ ਬੇਂਗਲੁਰੂ ਜਾਣ ਵਾਲਾ ਜਹਾਜ਼ ਐਪਰਨ ਤੋਂ ਰਨਵੇ ਵੱਲ ਵਧ ਰਿਹਾ ਸੀ ਤਾਂ ਇੱਕ ਯਾਤਰੀ ਨੇ ਧਮਕੀ ਦਿੱਤੀ ਕਿ ਉਸ ਦੇ ਬੈਗ ਵਿੱਚ ਬੰਬ ਹੈ, ਤੁਸੀਂ ਸਾਰੇ ਮਰ ਜਾਓਗੇ। ਇਹ ਸੁਣ ਕੇ ਚਾਲਕ ਦਲ ਦੇ ਮੈਂਬਰ ਤੇ ਯਾਤਰੀ ਡਰ ਗਏ। ਏ ਟੀ ਸੀ ਨਾਲ ਸੰਪਰਕ ਕਰਨ ਤੋਂ ਬਾਅਦ ਜਹਾਜ਼ ਨੂੰ ਆਈਸੋਲੇਸ਼ਨ ਲਈ ਵਾਪਸ ਐਪਰਨ ਵਿੱਚ ਲਿਆਂਦਾ ਗਿਆ।ਕੈਨੇਡੀਅਨ ਯਾਤਰੀ ਜੋਨਾਥਨ ਨਿਸ਼ੀਕਾਂਤ ਆਪਣੀ ਸੀਟ ਤੋਂ ਉੱਠਿਆ ਤੇ ਅਗਲੀ ਸੀਟ ’ਤੇ ਬੈਠ ਗਿਆ।ਜਦੋਂ ਚਾਲਕ ਦਲ ਦੇ ਮੈਂਬਰ ਨੇ ਉਸ ਨੂੰ ਆਪਣੀ ਸੀਟ ’ਤੇ ਜਾਣ ਲਈ ਕਿਹਾ ਤਾਂ ਉਹ ਗੁੱਸੇ ਵਿੱਚ ਆ ਗਿਆ। ਉਸ ਨੇ ਧਮਕੀ ਭਰੇ ਲਹਿਜੇ ਵਿੱਚ ਕਿਹਾ, ‘ਮੇਰੇ ਬੈਗ ਵਿੱਚ ਬੰਬ ਹੈ, ਤੁਸੀਂ ਸਾਰੇ ਮਰ ਜਾਓਗੇ।’ ਇਸ ਦੇ ਇਲਾਵਾ ਉਸ ਨੇ ਅੱਲਾ ਹੂ ਅਕਬਰ, ਹਰ-ਹਰ ਮਹਾਂਦੇਵ, ਜੈ ਸ੍ਰੀ ਰਾਮ ਵੀ ਕਰ ਦਿੱਤੀ। ਲਗਭਗ ਪੰਜ ਘੰਟੇ ਜਹਾਜ਼ ਦੀ ਤਲਾਸ਼ੀ ਲਈ ਗਈ, ਪਰ ਕੁਝ ਨਹੀਂ ਲੱਭਾ। ਸਵੇਰੇ ਪੰਜ ਵਜੇ ਧਮਕੀ ਦੇਣ ਵਾਲੇ ਯਾਤਰੀ ਨੂੰ ਫੂਲਪੁਰ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ।

# ਭਾਰਤੀ ਪ੍ਰਵਾਸੀ ਗਰੁੱਪਾਂ ਵੱਲੋਂ ਪਾਕਿਸਤਾਨੀ ਮੁਜ਼ਾਹਰਾਕਾਰੀਆਂ ਦੇ ਪ੍ਰਦਰਸ਼ਨ ਦਾ ਵਿਰੋਧ



ਲੰਡਨ:-ਬਰਤਾਨੀਆ ਵਿੱਚ ਪਰਵਾਸੀ ਭਾਰਤੀ ਭਾਈਚਾਰੇ ਦੇ ਲੋਕ ਪਾਕਿਸਤਾਨ ਦੇ ਪ੍ਰਦਰਸ਼ਨ ਖ਼ਿਲਾਫ਼ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ’ਚ ਵੱਡੀ ਗਿਣਤੀ ਵਿੱਚ ਇਕੱਠੇ ਹੋਏ। ਪਰਵਾਸੀ ਪਾਕਿਸਤਾਨੀਆਂ ਨੇ ਭਾਰਤ ਦੇ ਪਹਿਲਗਾਮ ’ਚ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਕਥਿਤ ਕੂੜ ਪ੍ਰਚਾਰ ਕਰਨ ਦੇ ਦੋਸ਼ ਲਾਉਂਦਿਆਂ ਪ੍ਰਦਰਸ਼ਨ ਦਾ ਸੱਦਾ ਦਿੱਤਾ ਸੀ।

ਭਾਰਤ ਸਮਰਥਕ ਪ੍ਰਦਰਸ਼ਨਕਾਰੀਆਂ ਭਾਰਤ ਦੇ ਹੱਕ ’ਚ ਨਾਅਰੇਬਾਜ਼ੀ ਕੀਤੀ ਤੇ ਤਿਰੰਗੇ ਝੰਡੇ ਲਹਿਰਾ ਕੇ ਪ੍ਰਦਰਸ਼ਨ ਕੀਤਾ। ਭਾਰਤ ਸਮਰਥਕ ਪ੍ਰਦਰਸ਼ਨਕਾਰੀਆਂ ਦੀ ਗਿਣਤੀ ‘ਇੰਡੀਆ ਹਾਊਸ’ ਦੇ ਸਾਹਮਣੇ ਸੜਕ ਦੇ ਦੂਜੇ ਪਾਸੇ ਮੌਜੂਦ ਬਰਤਾਨਵੀ ਪਾਕਿਸਤਾਨੀਆਂ ਦੇ ਛੋਟੇ ਗਰੁੱਪ ਤੋਂ ਕਾਫੀ ਜ਼ਿਆਦਾ ਸੀ। ਪ੍ਰਦਰਸ਼ਨ ਮੌਕੇ ਮੈਟਰੋਪੌਲੀਟਿਨ ਪੁਲੀਸ ਵੀ ਮੌਜੂਦ ਸੀ। ਇਸ ਮਗਰੋਂ ਭਾਰਤੀ ਗਰੁੱਪਾਂ ਨੇ ਮੋਮਬੱਤੀਆਂ ਬਾਲ ਕੇ ਪਹਿਲਗਾਮ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਭਾਰਤੀ ਪਰਵਾਸੀ ਗਰੁੱਪਾਂ ਨੇ ਯੂਕੇ ਦੇ ਮਾਨਚੈਸਟਰ, ਸਕਾਟਲੈਂਡ ਦੇ ਐਡਿਨਬਰਗ ਤੇ ਉੱਤਰੀ ਆਇਰਲੈਂਡ ਦੇ ਬੈਲਫਾਸਟ ਵਿੱਚ ਵੱਖ-ਵੱਖ ਥਾਵਾਂ ’ਤੇ ਇਸੇ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ ਅਤੇ ਰੈਲੀਆਂ ਕੀਤੀਆਂ, ਜਿਸ ਵਿੱਚ ਪਾਕਿਸਤਾਨ ਵੱਲੋਂ ਅਤਿਵਾਦੀ ਸੰਗਠਨਾਂ ਨੂੰ ਸਮਰਥਨ ਦੇਣ ਦੀ ਨਿੰਦਾ ਕੀਤੀ ਗਈ। ਕਮਿਊਨਿਟੀ ਗਰੁੱਪ ‘ਇਨਸਾਈਟ ਯੂਕੇ’ ਨੇ ਕਿਹਾ, ‘‘ਪ੍ਰਦਰਸ਼ਨਾਂ ਦਾ ਉਦੇਸ਼ ਅਤਿਵਾਦ ਵਿਰੁੱਧ ਇਕਜੁਟਤਾ ਦਿਖਾਉਣਾ ਹੈ।’’

# ਟਰੰਪ ਨੇ ਤੀਜੇ ਕਾਰਜਕਾਲ ਲਈ ਵੇਚਣੀ ਸ਼ੁਰੂ ਕੀਤੀ ਲਾਲ ਟੋਪੀ




ਵਾਸ਼ਿੰਗਟਨ:ਤੀਜੀ ਵਾਰ ਅਮਰੀਕਾ ਦਾ ਰਾਸ਼ਟਰਪਤੀ ਬਣਨ ਦੇ ਸੁਪਨੇ ਦੇਖ ਰਹੇ ਡੌਨਲਡ ਟਰੰਪ ਵੱਲੋਂ 2028 ਦਾ ਪ੍ਰਚਾਰ ਹੁਣੇ ਤੋਂ ਆਰੰਭ ਦਿੱਤਾ ਗਿਆ ਹੈ। ਜੀ ਹਾਂ, ਟਰੰਪ ਸਟੋਰ ਵੱਲੋਂ 2028 ਦੀਆਂ ਟੋਪੀਆਂ ਜਾਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਤੋਂ ਭਵਿੱਖ ਦੇ ਮਨਸੂਬਿਆਂ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਲਾਲ ਰੰਗ ਦੀ ਟੋਪੀ ਦਾ ਮੁੱਲ 50 ਡਾਲਰ ਤੈਅ ਕਰਦਿਆਂ 22ਵੀਂ ਸੰਵਿਧਾਨਕ ਸੋਧ ਨਾਲ ਸਬੰਧਤ ਇਕ ਟਿੱਪਣੀ ਵੀ ਲਿਖੀ ਗਈ ਪਰ ਇਸ ਨੂੰ ਜਲਦ ਹੀ ਹਟਾ ਦਿਤਾ ਗਿਆ। ਪਿਛਲੇ ਦਿਨੀਂ ਟਰੰਪ ਨੇ ਸਾਫ਼ ਲਫਜ਼ਾਂ ਵਿਚ ਕਿਹਾ ਸੀ ਕਿ ਉਹ ਤੀਜੇ ਕਾਰਜਕਾਲ ਦਾ ਰਾਹ ਪੱਧਰਾ ਕਰ ਕੇ ਹੀ ਦਮ ਲੈਣਗੇ।

SUPER SANDHU
ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

Rai Express Lines Ltd.

Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit

Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

BEST IDEA
KITCHEN CABINETS LTD.

RESIDENTIAL & COMMERCIAL
*Quality Workmanship *Reasonable Rates *Satisfaction Guaranteed
We Specialize In:
*Custom Kitchen Cabinets
*Bathroom Vanities
*Fire Places *Bars
*Entertainment Units

For Free Estimates: Jasbir Thind:778-991-1233
Email:bestideakitchencabinets.ca
#107-12677-80Ave Surrey, BC V3W 3A6
Ph: 604.593.5276 Fax: 604.593.5736



# Home Improvement

## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ



• ਘਰ ਨੂੰ ਵਧਾਉਣਾ
• ਪੇਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ

15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236
daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:
Residential & Commercial Renovations

•Doors
•Mouldings
•Fire Place
•Base Board
•Hardy Plank
•Wood Floor



All kinds of exterior finishing

Sanjeev Dhir
sanjeevkumarsk52@gmail.com
778.320.9413

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

## STORM ELECTRIC LTD.

Residential & Commercial

Licenced & Bonded

*All Kinds Of Electrical Service
*Best Rate
*Friendly Service
*Quality Workmanship




Mandeep Dhaliwal
(Certified Electrician)

778-994-7207
Email:stormelectricltd@gmail.com

# HOME IMPROVEMENT


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2x3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ



## RIGHT TOUCH PAINTING Co.

RT

Residential & Commercial



- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

Special Discount on Repaint

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**



## SINGH RAJ

RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**

**We guaranteed Singh Raj Renovation is the smartest choice for household small jobs**

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**



## Ambrosia Renovation

Your's Complete Home Renovation

* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ

**Sunny : 778-951-1699**



ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

**236-234-4081**



## HHR RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸ਼ਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical

**Free Estimate**

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**



## KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ



22 ਸਾਲ ਦਾ ਤਜਰਬਾ

**FREE ESTIMATES**

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

ਸਾਨੂੰ ਵਰਕਰਾਂ ਦੀ ਵੀ ਲੋੜ ਹੈ।

**Gurdeep S. Gill 778.896.4555**

king73renoltd@gmail.com www.king73reno.com

# ਗੁਰਸਿੱਖੀ ਮਨ ਪਰਚਾਵਾ ਨਹੀਂ ਖੰਡੇ ਦੀ ਧਾਰ ਤੋਂ ਤਿੱਖੀ ਅਤੇ ਵਾਲੋਂ ਵੀ ਨਿੱਕੀ ਹੈ:ਅਖੰਡ ਕੀਰਤਨੀ ਜਥਾ

ਅਖੰਡ ਕੀਰਤਨੀ ਜੱਥੇ ਨੇ ਐਸਜੀਪੀਸੀ ਪ੍ਰਧਾਨ ਨੂੰ ਪੱਤਰ ਲਿਖ ਸਿੱਖਾਂ ਦੀ ਕਿਰਦਾਰ ਕੁਸ਼ੀ ਕਰਦੀ ਫ਼ਿਲਮਾਂ ਉੱਪਰ ਸਖ਼ਤ ਕਾਰਵਾਈ ਦੀ ਕੀਤੀ ਮੰਗ ਨਵੀਂ ਦਿੱਲੀ 29 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):-ਅਖੰਡ ਕੀਰਤਨੀ ਜੱਥਾ ਵਿਸ਼ਵਵਿਆਪੀ 31 ਮੈਂਬਰੀ ਕਮੇਟੀ ਅਤੇ ਅਖੰਡ ਕੀਰਤਨੀ ਜੱਥਾ (ਰਜਿ) ਨੇ ਐਸਜੀਪੀਸੀ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਨੂੰ ਸਿੱਖਾਂ ਦੇ ਅਕਸ ਨੂੰ ਵਿਗਾੜਦੀਆਂ ਫ਼ਿਲਮਾਂ, ਗੁਰੂ ਸਾਹਿਬਾਨ ਦੀਆਂ ਐਨੀਮੇਸ਼ਨ ਫ਼ਿਲਮਾਂ ਉਪਰ ਤੁਰੰਤ ਰੋਕ ਲਗਾਉਣ ਲਈ ਸਖ਼ਤ ਕਾਰਵਾਈ ਕਰਣ ਲਈ ਪੱਤਰ ਲਿਖਿਆ ਹੈ। ਅਖੰਡ ਕੀਰਤਨੀ ਜੱਥੇ ਦੇ ਬੁਲਾਰੇ ਭਾਈ ਆਰਪੀ ਸਿੰਘ ਅਤੇ 31 ਮੈਂਬਰੀ ਕਮੇਟੀ ਦੇ ਮੈਂਬਰ ਭਾਈ ਅਰਵਿੰਦਰ ਸਿੰਘ ਰਾਜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਬੀਤੇ ਕੁਝ ਸਮੇਂ ਤੋਂ ਸਿੱਖ ਪੰਥ ਦਾ ਅਕਸ ਵਿਗਾੜ ਰਹੀਆਂ ਫ਼ਿਲਮਾਂ ਦਾ ਚਲਣ ਬਹੁਤ ਵੱਧ ਗਿਆ ਹੈ ਤੇ ਹੱਦ ਇਥੋਂ ਤਕ ਹੋ ਗਈ ਹੈ ਕਿ ਗੁਰੂ ਸਾਹਿਬਾਨ ਦੀਆਂ ਕਲਪਿਤ ਫੋਟੋਆਂ ਦੀ ਵੀ ਐਨੀਮੇਸ਼ਨ ਬਣ ਕੇ ਸਾਨੂੰ ਵੰਗਾਰ ਪਾ ਰਹੀਆਂ ਹਨ। ਗੁਰਮਤਿ ਦਾ ਮਾਰਗ ਬਾਹਰਲੇ ਭੇਖ, ਤਮਾਸੇ, ਰਸ ਕਸ ਦਾ ਨਹੀਂ ਹੈ। ਗੁਰਮਤਿ ਤੇ ਗੁਰਸਿੱਖੀ ਅੰਤਰ ਅਵਸਥਾ ਦਾ ਵਿਸ਼ਾ ਹੈ, ਫਿਲਮਾਂ, ਨਾਟਕਾਂ ਚੇਟਕਾਂ ਦਾ ਨਹੀਂ। ਜੋ ਗੁਰਸਿੱਖੀ ਨੂੰ ਫ਼ਿਲਮਾਂ ਦਾ ਵਿਸ਼ਾ ਬਣਾਉਣ ਦੀ ਇਜਾਜ਼ਤ ਮਿਲਦੀ ਰਹੀ ਤਾਂ ਇਹ ਗੁਰਸਿੱਖੀ ਦੀ ਮਹਾਨਤਾ ਤੇ ਬਹੁਤ ਵੱਡੇ ਸੰਕਟ ਨੂੰ ਆਪ ਸੱਦਣ ਜਿਹਾ ਹੋਵੇਗਾ। ਅੱਜ ਇਕ ਫ਼ਿਲਮ ਹੈ, ਕੱਲ ਹੋਰ ਲੋਕ ਤਿਆਰ ਹੋ ਜਾਣਗੇ। ਇਹਨਾਂ ਪੈਸੇ ਕਮਾ ਕੇ ਕਿਨਾਰੇ ਲੱਗ ਜਾਣੇ ਤੇ ਘਾਣ ਸਿੱਖੀ ਦਾ ਹੋਵੇਗਾ। ਫ਼ਿਲਮਾਂ ਨਾਲ ਨਾ ਤਾਂ ਸਿੱਖੀ ਦਾ ਕੋਈ ਭਲਾ ਹੋਣਾ ਹੈ ਨਾ ਹੀ ਕੋਈ ਨਜ਼ੀਰ ਬਣਨੀ ਹੈ। ਇਹ ਅਸੀਂ ਸਾਰੇ ਜਾਣਦੇ ਹਾਂ ਕਿ ਫ਼ਿਲਮਾਂ ਦਾ ਇਕ ਬਜਟ ਹੁੰਦਾ ਹੈ ਤੇ ਫਾਇਨੈਂਸਰ ਮੁਨਾਫ਼ਾ ਕਮਾਉਣ ਲਈ ਇਸ ਵਿਚ ਪੈਸਾ ਲਗਾਉਂਦੇ ਹਨ। ਮੁਨਾਫ਼ੇ ਲਈ ਫ਼ਿਲਮਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਹਲਕੀਆਂ ਭਾਵਨਾਵਾਂ ਨੂੰ ਉਭਾਰ ਕੇ ਸਿਨੇਮਾਘਰਾਂ ਤਕ ਲੈ ਆਇਆ ਜਾਵੇ।ਗੁਰਸਿੱਖੀ ਮਨ ਪਰਚਾਵਾ ਨਹੀਂ ਖੰਡੇ ਦੀ ਧਾਰ ਤੋਂ ਤਿੱਖੀ ਤੇ ਵਾਲ ਤੋਂ ਵੀ ਨਿੱਕੀ ਹੈ। ਗੁਰਸਿੱਖੀ ਦੀ ਪ੍ਰੇਰਣਾ ਸਿਨੇਮਾਘਰ ਵਿਚ ਨਹੀਂ ਅਲੂਣੀ ਮਿੱਲ ਚੱਟ ਕੇ ਮਿਲਦੀ ਹੈ। ਸਾਡੇ ਅੰਦਰ ਵੀ ਭਰਮ ਹਨ ਕਿ ਫਿਲਮਾਂ ਤੇ ਬੰਦਿਆਂ ਦੀ ਗੱਲ ਕਰ ਕੇ ਅਸੀਂ ਆਪ ਗੁਰਸਿੱਖੀ ਦੇ ਪ੍ਰਚਾਰ ਵਿਚ ਵਿਘਨ ਬਣ ਰਹੇ ਹਾਂ। ਪ੍ਰਚਾਰ ਦੀ ਫਿਕਰ ਛੱਡ ਕੇ ਇਹ ਸੋਚਣਾ ਚਾਹੀਦੈ ਕਿ ਜੋ ਗੁਰਸਿੱਖੀ ਦੀ ਮਰਿਆਦਾ ਹੀ ਨਹੀਂ ਰਹੇਗੀ ਤਾਂ ਫ਼ਿਲਮਾਂ . ਰਾਹੀਂ ਪ੍ਰਚਾਰ ਕਿਸ ਕੰਮ ਦਾ ? ਫ਼ਿਲਮਾਂ ਕਿਸੇ ਵੀ ਵਿਸ਼ੇ ਨੂੰ ਮੂਰਤ ਰੂਪ ਦੇ ਕੇ ਹੀ ਬਣਦੀਆਂ ਹਨ। ਗੁਰਸਿੱਖੀ ਅੰਦਰ ਮੂਰਤ ਦੀ ਨਹੀਂ ਸੋਚ ਤੇ ਸ਼ਬਦ ਦੀ ਮਹੱਤਤਾ ਕਾਇਮ ਕੀਤੀ ਗਈ ਹੈ। ਜੇ ਕਦਮ ਕੌਮ ਨੂੰ ਸ਼ਬਦ ਗੁਰੂ ਦੀ ਸੋਚ ਤੋਂ ਦੂਰ ਕਰਨ ਵਾਲਾ ਹੋਵੇ, ਉਹ ਕਿਵੇਂ ਪ੍ਰਵਾਨ ਕੀਤਾ ਜਾ ਸਕਦੇ। ਗੁਰਸਿੱਖੀ ਦੀ ਪ੍ਰੇਰਣਾ ਲਈ ਸ਼ਬਦ ਗੁਰੂ ਹੈ, ਗੁਰੂ ਘਰ ਹੈ ਤੇ ਸਾਧ ਸੰਗਤ ਹੈ ਸਿਨੇਮਾ ਘਰ ਨਹੀਂ। ਠੀਕ ਹੈ ਕਿ ਬਦਲਦੇ ਸਮੇਂ ਨਾਲ ਬਦਲਣਾ ਚਾਹੀਦੈ। ਮੀਡੀਆ ਦਾ ਸਮਾਜ ਅੰਦਰ ਅਸਰ ਤੇ ਦਖਲ ਵੱਧ ਰਿਹਾ ਹੈ। ਇਸ ਦਾ ਇਸਤੇਮਾਲ ਕਿਸ ਆਦਮੀ, ਕਿਸ ਅਦਾਰੇ ਤੇ ਕਿਸ ਕੌਮ ਨੇ ਕਿਵੇਂ ਕਰਨਾ ਹੈ, ਇਹ ਉਸ ਦਾ ਅਪਣਾ ਫ਼ੈਸਲਾ ਹੈ। ਸਿੱਖ ਕੌਮ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਮੁੱਖ ਧਾਰਮਕ ਅਸਥਾਨਾਂ ਤੋਂ ਸ਼ਬਦ ਕੀਰਤਨ ਦੇ ਲਾਈਵ ਪ੍ਰਸਾਰਣ ਦਾ ਪ੍ਰਬੰਧ ਕਰ ਕਿ ਮੀਡੀਆ ਦੀ ਸੁਚੱਜੀ ਵਰਤੋਂ ਦੀ ਮਿਸਾਲ ਕਾਇਮ ਕੀਤੀ ਹੈ। ਲੱਖਾਂ ਲੋਕ ਜੋ ਗੁਰ ਅਸਥਾਨਾਂ ਤੋਂ ਦੂਰ ਹਨ, ਇਨ੍ਹਾਂ ਪ੍ਰਸਾਰਣਾਂ ਰਾਹੀਂ ਲਾਹੇਵੰਦ ਹੋ ਰਹੇ ਹਨ। ਗੁਰਮਤਿ ਸਬੰਧੀ ਲਿਟਰੇਚਰ ਪ੍ਰਕਾਸ਼ਤ ਕੀਤਾ ਤੇ ਵੰਡਿਆ ਜਾ ਰਿਹੈ। ਹਰ ਉਹ ਕੰਮ ਜੋ ਸ਼ਬਦ ਗੁਰੂ ਦੀ ਸੋਚ ਨੂੰ ਕੇਂਦਰ ਵਿਚ ਰੱਖ ਕੇ ਕੀਤਾ ਜਾਵੇ ਤਾਂ ਕੌਮ ਨੂੰ ਅੱਗੇ ਵਧਾਉਣ ਵਾਲਾ ਕਿਹਾ ਜਾ ਸਕਦਾ ਹੈ। ਇਸ ਤੋਂ ਅਲਾਵਾ ਹੋਰ ਕਈ ਮਾਪਦੰਡ ਨਹੀਂ ਹੋ ਸੱਕਦਾ। ਸਿੱਖ ਕੌਮ ਦੇ ਹਿੱਤ ਵਿਚ ਹੈ ਕਿ ਸਿੱਖੀ ਤੇ ਸਿੱਖ ਇਤਿਹਾਸ ਦੇ ਨਾਂਅ ਤੇ ਫ਼ਿਲਮਾਂ, ਸੀਰੀਅਲਾਂ ਦੀ ਲੋੜ ਨੂੰ ਸਿਰੇ ਤੋਂ ਹੀ ਖ਼ਾਰਜ ਕਰ ਦਿਤਾ ਜਾਵੇ। ਸੈਂਸਰ ਬੋਰਡ ਜਾਂ ਕਿਸੇ ਹੋਰ ਸੰਸਥਾ ਦੀ ਮਨਜ਼ੂਰੀ ਦੀ ਲੋੜ ਹੀ ਕਿਉਂ ਪਵੇ ? ਇਸ ਲਈ ਸਮੇਂ ਦੀ ਲੋੜ ਅਨੁਸਾਰ ਇਸ ਮੁੱਦੇ ਤੇ ਸਖ਼ਤ ਫੈਸਲੇ ਲੈ ਕੇ ਕਾਰਵਾਈ ਕਰਣ ਦੀ ਜਰੂਰਤ। ਉਨ੍ਹਾਂ ਕਿਹਾ ਕਿ ਇਸ ਲਈ ਸਖ਼ਤ ਕਾਰਵਾਈ ਦੀ ਤੁਰੰਤ ਲੋੜ ਹੈ ਜਿਸ ਨਾਲ ਇਸ ਅਤਿ ਗੰਭੀਰ ਮਸਲੇ ਨਾਲ ਨਜਿੱਠਿਆ ਜਾ ਸਕੇ ਕਿਉਂਕਿ ਹੁਣ ਨਵੀਂ ਟੈਕਨੀਕ ਏ ਆਈ ਰਾਹੀਂ ਵੀ ਸਿੱਖੀ ਦਾ ਅਕਸ ਵਿਗਾੜਿਆ ਜਾ ਰਿਹਾ ਹੈ ਜਿਸਦਾ ਪ੍ਰਮਾਣ ਬੀਤੇ ਇਕ ਦਿਨ ਪਹਿਲਾਂ ਆਮਿਰ ਖਾਨ ਦੀ ਫੋਟੋ ਨਾਲ ਗੁਰੂ ਨਾਨਕ ਨਾਮੀ ਪੋਸਟਰ ਅਤੇ ਟਰੇਲਰ ਨੂੰ ਵਾਇਰਲ ਕੀਤਾ ਗਿਆ ਸੀ।

## ਹੋਟਲ 'ਚ ਅੱਗ, 15 ਮੌਤਾਂ

ਕੋਲਕਾਤਾ:ਫਾਲਪੱਟੀ ਮਛੂਆ ਇਲਾਕੇ ਵਿੱਚ ਮੰਗਲਵਾਰ ਸ਼ਾਮ ਹੋਟਲ 'ਚ ਭਿਆਨਕ ਅੱਗ ਲੱਗਣ ਕਾਰਨ ਇੱਕ ਬੱਚੇ ਤੇ ਦੋ ਔਰਤਾਂ ਸਮੇਤ 15 ਵਿਅਕਤੀਆਂ ਦੀ ਮੌਤ ਹੋ ਗਈ ਤੇ 13 ਜ਼ਖਮੀ ਹੋ ਗਏ। ਘਟਨਾ ਸਮੇਂ 42 ਕਮਰਿਆਂ ਵਿੱਚ 88 ਮਹਿਮਾਨ ਸਨ।ਅੱਗ ਸ਼ਾਰਟ ਸਰਕਟ ਨਾਲ ਲੱਗੀ ਦੱਸੀ ਜਾਂਦੀ ਹੈ। ਬਚਣ ਲਈ ਕਈ ਲੋਕਾਂ ਨੇ ਖਿੜਕੀਆਂ ਤੋਂ ਛਾਲਾਂ ਮਾਰ ਦਿੱਤੀਆਂ।


FRASERVIEW MEATS
The Name of Guaranteed Quality Meats

Number One Quality Meat in Lower Mainland
We also sell cooked chicken
We take orders for all occassion
Serving You Since 1993

Jagir S. Nagra
Try our Special Chicken Tikkar
604-592-2900
#102-12047-80th Ave. Surrey (Besides Mega Fruticana)
www.fraserviewmeats.com

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ

ਬੈਂਕੁਇਟ ਹਾਲ 150 ਸੀਟਾਂ ਵਾਲਾ
ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ


50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ

ਕੁਲਵਿੰਦਰ ਸਿੰਘ ਪੂਨੀ
12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale
3 PCS Set
$1150
2 PCS SOFA & LOVE SEAT
$1550
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES